15.1. ਭਾਰਤੀਆਂ ਨਾਲ ਵਧੀਆ ਸਲੂਕ ਕੀਤਾ ਜਾਂਦਾ ਸੀ। (ਗਲਤ)

15.2. ਅੰਗਰੇਜ਼ਾਂ ਨੇ ਬਹੁਤ ਸਾਰੇ ਸਮਾਜਿਕ ਸੁਧਾਰ ਕੀਤੇ। (ਸਹੀ)

15.3. ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ। ( ਸਹੀ)

15.4. ਭਾਰਤ ਵਿੱਚ ਅੰਗਰੇਜ਼ਾਂ ਦੇ ਰਾਜ ਦੌਰਾਨ ਭਾਰਤੀ ਉਦਯੋਗ ਪ੍ਰਫੁੱਲਤ ਹੋ ਗਏ। (ਗਲਤ)

16.1. ਅਲੀਗੜ੍ਹ ਅੰਦੋਲਨ ਹਿੰਦੂ ਅੰਦੋਲਨ ਸੀ। (ਗਲਤ)

16.2. ਲਾਰਡ ਮੈਕਾਲੇ ਨੂੰ ਸਿੱਖਿਆ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ । (ਸਹੀ)

16.3. ਸੈਡਲਰ ਕਮੇਟੀ 1904 ਈ. ਵਿੱਚ ਨਿਯੁਕਤ ਕੀਤੀ ਗਈ। ( ਗਲਤ)

16.4. ਸਰ ਸਯੱਦ ਅਹਿਮਦ ਖਾਂ ਨੂੰ 'ਸਰ' ਦੀ ਉਪਾਧੀ 1898 ਈ. ਵਿੱਚ ਮਿਲੀ। (ਸਹੀ)

17.1 ਵਿਧਵਾ ਔਰਤਾਂ ਦਾ ਸਮਾਜ ਵਿੱਚ ਨਿਰਾਦਰ ਕੀਤਾ ਜਾਂਦਾ ਸੀ।( ਸਹੀ)

17.2 1830 ਈ. ਵਿੱਚ ਸਤੀ ਪ੍ਰਥਾ ਤੇ ਪਾਬੰਦੀ ਲਗਾਈ ਗਈ।(ਗਲਤ)

17.3 ਸਰ ਸਯੱਦ ਅਹਿਮਦ ਖਾਂ ਸਿਰਫ਼ ਧਾਰਮਿਕ ਸਿੱਖਿਆ ਦੇਣ ਦੇ ਹੱਕ ਵਿੱਚ ਸਨ। (ਗਲਤ)

17.4 ਸਿੰਘ ਸਭਾ ਨੇ ਇਸਤਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। (ਸਹੀ)

18.1 ਮਹਾਤਮਾ ਗਾਂਧੀ ਛੂਤ-ਛਾਤ ਨੂੰ ਪਾਪ ਸਮਝਦੇ ਸਨ।(ਸਹੀ)

18.2 ਸ਼ੂਦਰਾਂ ਨੂੰ ਸਭ ਤੋਂ ਉੱਚਾ ਸਮਝਿਆ ਜਾਂਦਾ ਸੀ। (ਗਲਤ)

18.3 ਸ੍ਰੀ ਨਰਾਇਣ ਗੁਰੂ ਮਹਾਰਾਸ਼ਟਰ ਦੇ ਇੱਕ ਮਹਾਨ ਸਮਾਜ ਸੁਧਾਰਕ ਸਨ।(ਗਲਤ)

18.4 ਵੀਰ ਸਲਿੰਗਮ ਲੇਖਕ ਸਨ।(ਸਹੀ)

19.1 ਪ੍ਰਾਚੀਨ ਕਾਲ ਵਿੱਚ ਹੜੱਪਾ ਅਤੇ ਮਹਿੰਜੋਦੜੋ ਦੋ ਉੱਨਤ ਸ਼ਹਿਰ ਸਨ।(ਸਹੀ)

19.2 ਇੰਡੀਆਂ ਗੇਟ ਕੋਲਕਤਾ ਵਿੱਚ ਹੈ।(ਗਲਤ)

19.3 1687- 88 ਈ. ਨੂੰ ਮਦਰਾਸ ਵਿੱਚ ਨਗਰਪਾਲਿਕਾ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਗਈ।(ਸਹੀ)

19.4 ਅੰਗਰੇਜ਼ੀ ਰਾਜ ਸਮੇਂ ਖੇਡ ਦੇ ਮੈਦਾਨ ਤਿਆਰ ਕਰਵਾਏ ਗਏ।(ਸਹੀ)

20.1 ਮੈਰੀਨਾ ਸਮੁੰਦਰੀ ਕਿਨਾਰਾ 6 ਕਿਲੋਮੀਟਰ ਲੰਬਾ ਹੈ।(ਸਹੀ)

20.2 ਅੱਜਕਲ੍ਹ ਫੋਰਟ ਸੇਂਟ ਜਾਰਜ ਇਮਾਰਤ ਵਿੱਚੋਂ ਤਾਮਿਲਨਾਡੂ ਰਾਜ ਦੀ ਵਿਧਾਨ ਸਭਾ ਤੇ ਸਕੱਤਰੇਤ ਦੇ ਦਫ਼ਤਰ ਹਨ।(ਸਹੀ)

20.3 1996 ਈ. ਵਿੱਚ ਯੂਨੈਸਕੋ ਵਿਸ਼ਵ ਵਿਰਾਸਤ ਵਿੱਚ ਸ਼ਾਮਲ ਕਰ ਦਿੱਤਾ ਗਿਆ।(ਗਲਤ)

20.4 ਵਾਰ ਮੈਮੋਰੀਅਲ ਚੇਨਈ ਵਿੱਚ ਬਣਾਇਆ ਗਿਆ ਸੀ।(ਸਹੀ)

21.1 1885 ਈ. ਤੋਂ ਲੈ ਕੇ 1905 ਈ. ਤੱਕ ਰਾਸ਼ਟਰਵਾਦੀ ਅੰਦੋਲਨ ਨੂੰ ਉਦਾਰਵਾਦੀ ਯੁੱਗ ਕਿਹਾ ਜਾਂਦਾ ਹੈ।(ਸਹੀ)

21.2 ਸੁਰਿੰਦਰ ਨਾਥ ਬੈਨਰਜੀ ਨੇ 'ਇੰਡੀਅਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ।(ਸਹੀ)

21.3 ਵਿਲਿਅਮ ਜੋਨਜ਼ ਭਾਰਤੀ ਵਿਦਵਾਨ ਸੀ।(ਗਲਤ)

21.4 ਅੰਗਰੇਜ਼ ਵਪਾਰੀ ਭਾਰਤੀ ਲੋਕਾਂ ਨੂੰ ਸਾਮਾਨ ਸਸਤੇ ਮੁੱਲ ਤੇ ਵੇਚਦੇ ਸਨ।(ਗਲਤ)

22.1 ਸਵਰਾਜ ਪਾਰਟੀ ਦੀ ਸਥਾਪਨਾ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ।(ਗਲਤ)

22.2 ਮਹਾਤਮਾ ਗਾਂਧੀ ਨੇ 'ਕੇਸਰ-ਏ-ਹਿੰਦ' ਦੀ ਉਪਾਧੀ ਸਰਕਾਰ ਨੂੰ ਵਾਪਸ ਨਹੀਂ ਕੀਤੀ।(ਗਲਤ)

22.3 ਅੰਗਰੇਜ਼ੀ ਸਰਕਾਰ ਕੋਲ ਸ੍ਰੀ ਹਰਿਮੰਦਰ ਸਾਹਿਬ ਦੇ ਖਜ਼ਾਨੇ ਦੀਆਂ ਚਾਬੀਆਂ ਸਨ।(ਸਹੀ)

22.4 ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ।(ਸਹੀ)

22.5 ਸਰ ਸਟੈਫਰਡ ਕ੍ਰਿਪਸ ਦੀ ਪ੍ਰਧਾਨਗੀ ਹੇਠ ਕ੍ਰਿਪਸ ਮਿਸ਼ਨ ਭਾਰਤ ਵਿੱਚ ਭੇਜਿਆ।(ਸਹੀ)

23.1 ਆਜ਼ਾਦੀ ਪਿਛੋਂ ਭਾਰਤ ਨੇ ਆਪਣੇ ਉਦਯੋਗਿਕ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ।(ਗਲਤ)

23.2 1985 ਈ. ਵਿੱਚ 'ਸਾਰਕ' ਦੀ ਸਥਾਪਨਾ ਕੀਤੀ ਗਈ (ਸਹੀ)

23.3 ਭਾਰਤ ਗੁੱਟ ਨਿਰਲੇਪ ਲਹਿਰ ਵਿੱਚ ਸ਼ਾਮਲ ਨਹੀਂ ਸੀ।(ਗਲਤ)

23.4 2 ਅਕਤੂਬਰ 1978 ਈ. ਨੂੰ ਰਾਸ਼ਟਰੀ ਬਾਲਗ ਸਿੱਖਿਆ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ।(ਸਹੀ)

23.5 ਸਾਡੇ ਦੇਸ਼ ਵਿੱਚ ਬੇਰੋਜ਼ਗਾਰਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ।(ਸਹੀ)

24.1 ਨਿਆਂਪਾਲਿਕਾ ਸੰਵਿਧਾਨ ਦੀ ਰੱਖਿਆ ਨਹੀਂ ਕਰਦੀ ਹੈ।(ਗਲਤ)

24.2 ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ 'ਨਮਕ ਕਾਨੂੰਨ' ਤੋੜਿਆ।(ਸਹੀ)

24.3 ਕਾਨੂੰਨ ਅਨਿਸ਼ਚਿਤ ਨਿਯਮ ਹੁੰਦੇ ਹਨ।(ਗਲਤ)

24.4 ਭਾਰਤ ਵਿੱਚ ਕਾਨੂੰਨ ਦਾ ਸ਼ਾਸ਼ਨ ਚਲਦਾ ਹੈ।(ਸਹੀ)

24.5 ਭਾਰਤ ਵਿੱਚ ਸੰਵਿਧਾਨ ਸਰਵ ਉੱਚ ਹੈ।(ਸਹੀ)

25.1 ਪ੍ਰਸਤਾਵਨਾ ਵਿੱਚ ਸਮਾਨਤਾ ਸ਼ਬਦ ਦਰਜ ਨਹੀਂ ਕੀਤਾ ਗਿਆ। (ਗਲਤ)

25.2 ਵੋਟ ਦਾ ਅਧਿਕਾਰ ਰਾਜਨੀਤਿਕ ਨਿਆਂ ਪ੍ਰਦਾਨ ਕਰਦਾ ਹੈ।(ਸਹੀ)

25.3 ਪ੍ਰਸਤਾਵਨਾ ਨੂੰ ਭਾਰਤੀ ਸੰਵਿਧਾਨ ਦੇ ਅੰਤ ਵਿੱਚ ਲਿਖਿਆ ਹੈ।(ਗਲਤ)

25.4 ਪ੍ਰਸਤਾਵਨਾ ਦਾ ਆਰੰਭ 'ਅਸੀਂ ਭਾਰਤ ਦੇ ਲੋਕ' ਸ਼ਬਦਾਂ ਨਾਲ ਹੁੰਦਾ ਹੈ।(ਸਹੀ)

26.1 ਸੰਵਿਧਾਨ ਦੇ ਸਾਹਮਣੇ ਅਸੀਂ ਸਾਰੇ ਬਰਾਬਰ ਹਾਂ।(ਸਹੀ)

26.2 ਅਧਿਕਾਰ ਅਤੇ ਕਰਤੱਵ ਵਿੱਚ ਕੋਈ ਸੰਬੰਧ ਨਹੀਂ ਹੈ।(ਗਲਤ)

26.3 ਨਿਆਂਪਾਲਿਕਾ ਮੌਲਿਕ ਅਧਿਕਾਰਾਂ ਦੀ ਰੱਖਿਅਕ ਹੈ।(ਸਹੀ)

26.4 ਧਰਮ ਦਾ ਅਧਿਕਾਰ ਸਭ ਤੋਂ ਮਹੱਤਵਪੂਰਨ ਅਧਿਕਾਰ ਹੈ।(ਸਹੀ)

27.1 ਲੋਕ ਸਭਾ ਇੱਕ ਸਥਾਈ ਸਦਨ ਹੈ।(ਗਲਤ)

27.2 ਸੰਸਦ ਦੁਆਰਾ ਬਣਾਏ ਕਾਨੂੰਨ ਸਰਵਉੱਚ ਹੁੰਦੇ ਹਨ।(ਸਹੀ)

27.3 ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਤੇ ਵਿਧਾਨਪਾਲਿਕਾ ਵਿਚਕਾਰ ਗੂੜਾ ਸੰਬੰਧ ਹੁੰਦਾ ਹੈ।(ਸਹੀ)

27.4 ਰਾਜ ਸਭਾ ਦੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ।(ਸਹੀ)

28.1 ਜ਼ਮੀਨ ਜਾਇਦਾਦ ਨਾਲ ਸੰਬੰਧਤ ਝਗੜਾ ਫੌਜਦਾਰੀ ਝਗੜਾ ਹੈ।(ਗਲਤ)

28.2 ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ।(ਸਹੀ)

28.3 ਭਾਰਤ ਵਿੱਚ ਦੋਹਰੀ ਨਿਆਂਇਕ ਪ੍ਰਣਾਲੀ ਲਾਗੂ ਹੈ।(ਗਲਤ)

28.4 ਜਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਸਰਵ-ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ।(ਸਹੀ)

29.1 ਭਾਰਤ ਵਿੱਚ 50% ਲੋਕ ਅਨਪੜ੍ਹ ਹਨ।(ਗਲਤ)

29.2 ਭਾਰਤੀ ਸੰਵਿਧਾਨ ਨੇ 22 ਭਾਸ਼ਾਵਾਂ ਨੂੰ ਮਾਨਤਾ ਦਿੱਤੀ ਹੈ।(ਸਹੀ)

29.3 ਸਮਾਜਿਕ ਅਸਮਾਨਤਾਵਾਂ ਲੋਕਤੰਤਰੀ ਸਰਕਾਰ ਨੂੰ ਪ੍ਰਭਾਵਿਤ ਨਹੀਂ ਕਰਦੀਆਂ ਹਨ।(ਗਲਤ)

29.4 ਜਾਤੀ ਪ੍ਰਥਾ ਸਦੀਆਂ ਪੁਰਾਣੀ ਹੈ।(ਸਹੀ)

# ਪ੍ਰਸ਼ਨ 4. ਮਿਲਾਨ ਕਰੋ:-

1. ਮਿਲਾਨ ਕਰੋ:-

| ਕਾਲਮ ੳ | ਕਾਲਮ ਅ |
|---|---|
| 1. ਕੁਦਰਤੀ ਸਾਧਨ | ੳ) ਪਥਰਾਟ ਬਾਲਣ |
| 2. ਮੋਤੀ , ਘੋਗੇ | ਅ) ਉਪਜਾਊ ਮਿੱਟੀ |
| 3. ਕੋਲਾ | ੲ) ਸਮੁੰਦਰ |
| 4. ਫਸਲਾਂ | ਸ) ਪਾਣੀ, ਹਵਾ |

ਉੱਤਰ: - 1. ਕੁਦਰਤੀ ਸਾਧਨਸ) ਪਾਣੀ, ਹਵਾ

2. ਮੋਤੀ , ਘੋਗੇ ੲ) ਸਮੁੰਦਰ

3. ਕੋਲਾ ੳ) ਪਥਰਾਟ ਬਾਲਣ

4. ਫਸਲਾਂ ਅ) ਉਪਜਾਊ ਮਿੱਟੀ

2. ਮਿਲਾਨ ਕਰੋ:-

ਕਾਲਮ ੳ ਕਾਲਮ ਅ

1.ਭਾਰਤੀ ਬੋਰਡ ੳ) ਐਲੂਮੀਨੀਅਮ

2. ਧਰਤੀ ਅ) ਦਵਾਈਆਂ ਤੇ ਫਲ

3. ਲੈਟਰਾਈਟ ਮਿੱਟੀੲ) ਪਾਣੀ ਗ੍ਰਹਿ

4. ਜੰਗਲ ਸ) 1952

ਉੱਤਰ:- 1.ਭਾਰਤੀ ਬੋਰਡ ਸ) 1952

2. ਧਰਤੀ ੲ) ਪਾਣੀ ਗ੍ਰਹਿ

3. ਲੈਟਰਾਈਟ ਮਿੱਟੀ ੳ) ਐਲੂਮੀਨੀਅਮ

4. ਜੰਗਲ ਅ) ਦਵਾਈਆਂ ਤੇ ਫਲ

3.ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਕੱਚਾ ਲੋਹਾ ੳ) ਕਰਨਾਟਕ

2. ਪੈਟਰੋਲੀਅਮ ਅ) ਉੜੀਸਾ

3. ਸੋਨਾ ੲ) ਅਧਾਤੂ ਖਣਿਜ

4. ਬਾਕਸਾਈਟ ਸ) ਹੈਮੇਟਾਈਟ

5. ਅਬਰਕ ਹ) ਤਰਲ ਸੋਨਾ

ਉੱਤਰ:- 1. ਕੱਚਾ ਲੋਹਾ ਸ) ਹੈਮੇਟਾਈਟ

2. ਪੈਟਰੋਲੀਅਮ ਹ) ਤਰਲ ਸੋਨਾ

3. ਸੋਨਾ ਓ) ਕਰਨਾਟਕ

4. ਬਾਕਸਾਈਟ ਅ) ਉੜੀਸਾ

5. ਅਬਰਕ ੲ) ਅਧਾਤੂ ਖਣਿਜ

4. ਮਿਲਾਨ ਕਰੋ:-

ਕਾਲਮ ੳ ਕਾਲਮ ਅ

1.ਕਣਕ ੳ) ਆਸਾਮ

2. ਚਾਹ ਅ) ਫਲਦਾਰ ਫਸਲ

3. ਪਟਸਨ ੲ) ਅਨਾਜ ਫਸਲ

4. ਸੇਬ ਸ) ਰੇਸ਼ੇਦਾਰ ਫਸਲ

ਉੱਤਰ:-1.ਕਣਕ ੲ) ਅਨਾਜ ਫਸਲ

2. ਚਾਹ ੳ) ਆਸਾਮ

3. ਪਟਸਨ ਸ) ਰੇਸ਼ੇਦਾਰ ਫਸਲ

4. ਸੇਬਅ) ਫਲਦਾਰ ਫਸਲ

ਨੋਟ- ਅਕਾਦਮਿਕ ਸਾਲ 2018-19 ਲਈ ਭੂਗੋਲ ਭਾਗ ਦੇ ‘ਪਾਠ ਨੰ: 5 ਉਦਯੋਗਿਕ ਵਿਕਾਸ: ਕਿਸਮਾਂ ਅਤੇ ਵੰਡ, ਪਾਠ ਨੰ: 6 ਮੁੱਖ ਉਦਯੋਗ: ਵਿਆਖਿਆ ਤੇ ਤੁਲਨਾਤਮਕ ਅਧਿਐਨ, ਪਾਠ ਨੰ: 7 ਮਨੁੱਖੀ ਸਾਧਨ ਅਤੇ ਨਾਗਰਿਕ ਸ਼ਾਸ਼ਤਰ ਭਾਗ ਦਾ ਪਾਠ ਨੰ: 30 ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਅਤੇ ਇਨ੍ਹਾਂ ਦੇ ਪ੍ਰਭਾਵ ਨਾ ਪੜ੍ਹਾਏ ਜਾਣਗੇ ਅਤੇ ਨਾ ਹੀ ਮੁਲਾਂਕਣ ਕੀਤਾ ਜਾਵੇਗਾ । ਇਸ ਕਰਕੇ ਇਹਨਾਂ ਪਾਠਾਂ ਦੇ ਵਿੱਚੋਂ ਪ੍ਰਸ਼ਨ ਇਸ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ।

8. ਕਾਲਮ ੳ ਕਾਲਮ ਅ

1. ਸੁਨਾਮੀ ੳ) ਪਾਣੀ ਦੀ ਘਾਟ

2. ਬੰਬ ਧਮਾਕੇ ਅ)26 ਦਸੰਬਰ 2004

3. ਸੋਕਾ ੲ)11 ਸਤੰਬਰ 2001

ਉੱਤਰ:- 1. ਸੁਨਾਮੀ ਅ) 26 ਦਸੰਬਰ 2004

2. ਬੰਬ ਧਮਾਕੇ ੲ) 11 ਸਤੰਬਰ 2001

3. ਸੋਕਾ ੳ) ਪਾਣੀ ਦੀ ਘਾਟ

9. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਅਵਧ ਰਾਜ ੳ) ਮੁਗਲ ਬਾਦਸ਼ਾਹ

2. ਬਾਬਰਅ) ਇਤਿਹਾਸਿਕ ਇਮਾਰਤ

3. ਕਰਨਾਟਕ ਯੁੱਧੲ) ਸਆਦਤ ਖਾਂ

4. ਇੰਡੀਆ ਗੇਟ ਸ) 1744 ਈ.

ਉੱਤਰ:-1. ਅਵਧ ਰਾਜ ੲ) ਸਆਦਤ ਖਾਂ

2. ਬਾਬਰ ੳ) ਮੁਗਲ ਬਾਦਸ਼ਾਹ

3. ਕਰਨਾਟਕ ਯੁੱਧ ਸ) 1744 ਈ.

4. ਇੰਡੀਆ ਗੇਟ ਅ) ਇਤਿਹਾਸਿਕ ਇਮਾਰਤ

10.ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਫਰਾਂਸੀਸੀ ਬਸਤੀਆਂੳ) 1764 ਈ.

2. ਬਕਸਰ ਦਾ ਯੁੱਧਅ) ਚੰਦਰਨਗਰ ਤੇ ਕਾਰੀਕਲ

3. ਡੱਚ ਬਸਤੀਆਂੲ) 1757 ਈ.

4. ਪਲਾਸੀ ਦਾ ਯੁੱਧਸ) ਕੋਚੀਨ, ਸੂਰਤ

ਉੱਤਰ:- 1. ਫਰਾਂਸੀਸੀ ਬਸਤੀਆਂ ਅ) ਚੰਦਰਨਗਰ ਤੇ ਕਾਰੀਕਲ

2. ਬਕਸਰ ਦਾ ਯੁੱਧ ੳ) 1764 ਈ.

3. ਡੱਚ ਬਸਤੀਆਂ ਸ) ਕੋਚੀਨ, ਸੂਰਤ

4. ਪਲਾਸੀ ਦਾ ਯੁੱਧ ੲ) 1757 ਈ.

11. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਚਾਰਟਰ ਐਕਟੳ) 1886 ਈ.

2. ਰੈਗੂਲੈਟਿੰਗ ਐਕਟ ਅ) 1833 ਈ.

3. ਪਿਟਸ ਇੰਡਿਆ ਐਕਟ ੲ) 1773 ਈ.

4.ਪਬਲਿਕ ਸਰਵਿਸ ਕਮਿਸ਼ਨ ਸ) 1784 ਈ.

ਉੱਤਰ:- 1. ਚਾਰਟਰ ਐਕਟਅ) 1833 ਈ.

2. ਰੈਗੂਲੈਟਿੰਗ ਐਕਟੲ) 1773 ਈ.

3. ਪਿਟਸ ਇੰਡਿਆ ਐਕਟ ਸ) 1784 ਈ.

4.ਪਬਲਿਕ ਸਰਵਿਸ ਕਮਿਸ਼ਨ ੳ) 1886 ਈ.

12. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਨੀਲ ਵਿਦਰੋਹ ੳ) ਉੱਤਰ ਪ੍ਰਦੇਸ਼, ਪੰਜਾਬ

2. ਸਥਾਈ ਵਿਦਰੋਹ ਅ) 1820 ਈ.

3. ਰਈਅਤਵਾੜੀ ਪ੍ਰਬੰਧ ੲ) ਚੰਪਾਰਨ

4. ਮਹਿਲਵਾੜੀ ਪ੍ਰਬੰਧ ਸ) 1793 ਈ.

ਉੱਤਰ:-1. ਨੀਲ ਵਿਦਰੋਹ ੲ) ਚੰਪਾਰਨ

2. ਸਥਾਈ ਵਿਦਰੋਹ ਸ) 1793 ਈ.

3. ਰਈਅਤਵਾੜੀ ਪ੍ਰਬੰਧ ਅ) 1820 ਈ.

4. ਮਹਿਲਵਾੜੀ ਪ੍ਰਬੰਧ ੳ) ਉੱਤਰ ਪ੍ਰਦੇਸ਼, ਪੰਜਾਬ

ਨੋਟ- ਪਾਠ 13 ਵਿੱਚੋਂ ਪ੍ਰਸ਼ਨ ਨਹੀਂ ਹੈ।

14. ਮਿਲਾਨ ਕਰੋ:-

| ਕਾਲਮ ੳ | ਕਾਲਮ ਅ |
|---|---|
| 1. ਟੀ -ਕੰਪਨੀ | ੳ) ਪਟਸਨ ਉਦਯੋਗ |
| 2. ਕਾਫ਼ੀ | ਅ) ਆਸਾਮ |
| 3. ਟਾਟ ਅਤੇ ਬੋਰੀਆਂ | ੲ) ਦੱਖਣੀ ਭਾਰਤ |

ਉੱਤਰ:- 1. ਟੀ -ਕੰਪਨੀ ਅ) ਆਸਾਮ

2. ਕਾਫ਼ੀ ੲ) ਦੱਖਣੀ ਭਾਰਤ

3. ਟਾਟ ਅਤੇ ਬੋਰੀਆਂ ੳ) ਪਟਸਨ ਉਦਯੋਗ

15. ਮਿਲਾਨ ਕਰੋ:-

| ਕਾਲਮ ੳ | ਕਾਲਮ ਅ |
|---|---|
| 1. ਰਿਪਲੇ | ੳ) ਰੰਗੂਨ |
| 2. ਬਹਾਦਰ ਸ਼ਾਹ ਜ਼ਫ਼ਰ | ਅ) ਚਰਬੀ ਵਾਲੇ ਕਾਰਤੂਸ |
| 3. ਮੰਗਲ ਪਾਂਡੇ | ੲ) ਅੰਗਰੇਜ਼ ਅਫਸਰ |

ਉੱਤਰ:- 1. ਰਿਪਲੇ ੲ) ਅੰਗਰੇਜ਼ ਅਫਸਰ

2. ਬਹਾਦਰ ਸ਼ਾਹ ਜ਼ਫ਼ਰ ੳ) ਰੰਗੂਨ

3. ਮੰਗਲ ਪਾਂਡੇ ਅ) ਚਰਬੀ ਵਾਲੇ ਕਾਰਤੂਸ

16. ਮਿਲਾਨ ਕਰੋ:-

ਕਾਲਮ ੳ ਕਾਲਮ ਅ

1.ਰਾਜਾ ਰਾਮ ਮੋਹਨ ਰਾਏ ੳ)ਦਯਾਨੰਦ ਐਗਲੋ ਸਕੂਲ

2.ਸਵਾਮੀ ਦਯਾਨੰਦ ਸਰਸਵਤੀ ਅ) ਪ੍ਰੀਮਰ ਵਰਨਾ ਪ੍ਰੀਚਿਆ

3.ਸਵਾਮੀ ਵਿਵੇਕਾਨੰਦ ੲ) ਵੇਦਾਂਤ ਕਾਲਜ

4. ਈਸ਼ਵਰ ਚੰਦਰ ਵਿਦਿਆਸਾਗਰ ਸ) ਰਾਮਾਕ੍ਰਿਸ਼ਨ ਮਿਸ਼ਨ

ਉੱਤਰ:-1. ਰਾਜਾ ਰਾਮ ਮੋਹਨ ਰਾਏ ੲ) ਵੇਦਾਂਤ ਕਾਲਜ

2. ਸਵਾਮੀ ਦਯਾਨੰਦ ਸਰਸਵਤੀ ੳ) ਦਯਾਨੰਦ ਐਗਲੋ ਸਕੂਲ

3. ਸਵਾਮੀ ਵਿਵੇਕਾਨੰਦਸ) ਰਾਮਾਕ੍ਰਿਸ਼ਨ ਮਿਸ਼ਨ

4. ਈਸ਼ਵਰ ਚੰਦਰ ਵਿਦਿਆਸਾਗਰ ਅ) ਪ੍ਰੀਮਰ ਵਰਨਾ ਪ੍ਰੀਚਿਆ

17. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਸਰ ਸਯਦ ਅਹਿਮਦ ੳ) ਨਾਮਧਾਰੀ ਅੰਦੋਲਨ

2. ਸਵਾਮੀ ਵਿਵੇਕਾਨੰਦ ਅ) ਅਲੀਗੜ੍ਹ ਮੁਸਲਿਮ ਯੂਨੀਵਰਸਿਟੀ

3. ਸਿੰਘ ਸਭਾ ਲਹਿਰ ੲ) ਰਾਮ ਕ੍ਰਿਸ਼ਨ ਮਿਸ਼ਨ

4. ਸਤਿਗੁਰੂ ਰਾਮ ਸਿੰਘ ਜੀ ਸ) ਮੰਜੀ ਸਾਹਿਬ ਅਮ੍ਰਿਤਸਰ

ਉੱਤਰ:-1. ਸਰ ਸਯਦ ਅਹਿਮਦ ਅ) ਅਲੀਗੜ੍ਹ ਮੁਸਲਿਮ ਯੂਨੀਵਰਸਿਟੀ

2. ਸਵਾਮੀ ਵਿਵੇਕਾਨੰਦ ੲ) ਰਾਮ ਕ੍ਰਿਸ਼ਨ ਮਿਸ਼ਨ

3. ਸਿੰਘ ਸਭਾ ਲਹਿਰ ਸ) ਮੰਜੀ ਸਾਹਿਬ ਅਮ੍ਰਿਤਸਰ

4. ਸਤਿਗੁਰੂ ਰਾਮ ਸਿੰਘ ਜੀ ੳ) ਨਾਮਧਾਰੀ ਅੰਦੋਲਨ

18. ਮਿਲਾਨ ਕਰੋ:-

ਕਾਲਮ ੳ ਕਾਲਮ ਅ

1.ਵੀਰ ਸਲਿੰਗਮ ੳ) ਸ੍ਰੀ ਨਰਾਇਣ ਧਰਮ ਪਰੀਪਾਲਣ ਯੋਗਮ

2. ਜੋਤਿਬਾ ਫੂਲੇ ਅ) ਸੱਤਿਆ ਸ਼ੋਧਕ ਸਮਾਜ

3. ਪਰੀਅਰ ਰਾਮਾ ਸਵਾਮੀ ੲ) ਆਂਧਰਾ ਪ੍ਰਦੇਸ਼ ਦੇ ਪੈਗੰਬਰ

4. ਸ੍ਰੀ ਨਰਾਇਣ ਗੁਰੂ ਸ) ਮਹਾਨ ਸਮਾਜ ਸੁਧਾਰਕ

ਉੱਤਰ:-1.ਵੀਰ ਸਲਿੰਗਮ ੲ) ਆਂਧਰਾ ਪ੍ਰਦੇਸ਼ ਦੇ ਪੈਗੰਬਰ

2. ਜੋਤਿਬਾ ਫੂਲੇ ਅ) ਸੱਤਿਆ ਸ਼ੋਧਕ ਸਮਾਜ

3. ਪਰੀਅਰ ਰਾਮਾ ਸਵਾਮੀ ਸ) ਮਹਾਨ ਸਮਾਜ ਸੁਧਾਰਕ

4. ਸ੍ਰੀ ਨਰਾਇਣ ਗੁਰੂ ੳ) ਸ੍ਰੀ ਨਰਾਇਣ ਧਰਮ ਪਰੀਪਾਲਣ ਯੋਗਮ

19. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਬੰਦਰਗਾਹ ਸ਼ਹਿਰ ੳ) ਬੰਬਈ

2. ਦਿੱਲੀਅ) ਸ਼ਾਹਜਹਾਨਾਬਾਦ

3.ਇੰਜੀਨੀਅਰਿੰਗ ੲ) ਰੁੜਕੀ

4. ਕਮਲਾ ਨਹਿਰੂ ਪਾਰਕ ਸ) ਮਦਰਾਸ

ਉੱਤਰ:-1. ਬੰਦਰਗਾਹ ਸ਼ਹਿਰ ਸ) ਮਦਰਾਸ

2. ਦਿੱਲੀ ਅ) ਸ਼ਾਹਜਹਾਨਾਬਾਦ

3.ਇੰਜੀਨੀਅਰਿੰਗ ਕਾਲਜ ੲ) ਰੁੜਕੀ

4. ਕਮਲਾ ਨਹਿਰੂ ਪਾਰਕ ੳ) ਬੰਬਈ

20. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਬਾਲ ਗੰਗਾਧਰ ਤਿਲਕ ੳ) ਬੰਕਿਮ ਚੰਦਰ ਚੈਟਰਜੀ

2.ਆਨੰਦ ਮਠ ਅ) ਅੰਗਰੇਜ਼ੀ ਕਿਲ੍ਹਾ

3. ਗੋਦਾਨ ੲ) ਕੇਸਰੀ

4. ਫੋਰਟ ਸੇਂਟ ਜਾਰਜ ਸ) ਮੁਨਸ਼ੀ ਪ੍ਰੇਮ ਚੰਦ

ਉੱਤਰ:- 1. ਬਾਲ ਗੰਗਾਧਰ ਤਿਲਕ ੲ) ਕੇਸਰੀ

2. ਆਨੰਦ ਮਠ ੳ) ਬੰਕਿਮ ਚੰਦਰ ਚੈਟਰਜੀ

3. ਗੋਦਾਨ ਸ) ਮੁਨਸ਼ੀ ਪ੍ਰੇਮ ਚੰਦ

4. ਫੋਰਟ ਸੇਂਟ ਜਾਰਜ ਅ) ਅੰਗਰੇਜ਼ੀ ਕਿਲ੍ਹਾ

21. ਮਿਲਾਨ ਕਰੋ:-

| ਕਾਲਮ ੳ | ਕਾਲਮ ਅ |
|---|---|
| 1.ਹੋਮ ਰੂਲ ਅੰਦੋਲਨ | ੳ) 1914 ਈ. |
| 2. ਮੁਸਲਿਮ ਲੀਗ | ਅ) ਸੋਹਣ ਸਿੰਘ ਭਕਨਾ |
| 3. ਮਿੰਟੋ ਮਾਰਲੇ ਸੁਧਾਰ | ੲ) ਸਰ ਸਯੱਦ ਅਹਿਮਦ ਖਾਂ |
| 4. ਗਦਰ ਪਾਰਟੀ | ਸ) ਲਾਰਡ ਕਰਜ਼ਨ |
| 5. ਪਹਿਲਾ ਮਹਾਂਯੁੱਧ | ਹ) 1916 ਈ. |

ਉੱਤਰ:- 1.ਹੋਮ ਰੂਲ ਅੰਦੋਲਨ ਹ) 1916 ਈ.

2. ਮੁਸਲਿਮ ਲੀਗ ੲ) ਸਰ ਸਯੱਦ ਅਹਿਮਦ ਖਾਂ

3. ਮਿੰਟੋ ਮਾਰਲੇ ਸੁਧਾਰ ਸ) ਲਾਰਡ ਕਰਜ਼ਨ

4. ਗਦਰ ਪਾਰਟੀ ਅ) ਸੋਹਣ ਸਿੰਘ ਭਕਨਾ

5. ਪਹਿਲਾ ਮਹਾਂਯੁੱਧ ੳ) 1914 ਈ.

22. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਜੈਤੋ ਦਾ ਮੋਰਚਾ ੳ) 8 ਅਗਸਤ 1942
2. ਕ੍ਰਾਂਤੀਕਾਰੀ ਲਹਿਰ ਅ) ਮਹਾਤਮਾ ਗਾਂਧੀ
3. ਭਾਰਤ ਛੱਡੋ ਅੰਦੋਲਨ ੲ) ਮਹਾਰਾਜਾ ਰਿਪੁਦਮਨ ਸਿੰਘ
4. ਅਹਿੰਸਾ ਸ) ਸਰਦਾਰ ਭਗਤ ਸਿੰਘ

ਉੱਤਰ:- 1. ਜੈਤੋ ਦਾ ਮੋਰਚਾ ੲ) ਮਹਾਰਾਜਾ ਰਿਪੁਦਮਨ ਸਿੰਘ
2. ਕ੍ਰਾਂਤੀਕਾਰੀ ਲਹਿਰ ਸ) ਸਰਦਾਰ ਭਗਤ ਸਿੰਘ
3. ਭਾਰਤ ਛੱਡੋ ਅੰਦੋਲਨ ੳ) 8 ਅਗਸਤ 1942
4. ਅਹਿੰਸਾ ਅ) ਮਹਾਤਮਾ ਗਾਂਧੀ

23. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਖਰੜਾ ਕਮੇਟੀ ੳ) ਦੇਸੀ ਰਿਆਸਤ
2. ਹੈਦਰਾਬਾਦ ਅ) ਗਵਰਨਰ ਜਨਰਲ
3. ਦਾਦਰਾ ਤੇ ਨਗਰ ਹਵੇਲੀ ੲ) ਸੱਤ ਮੈਂਬਰ
4. ਲਾਰਡ ਮਾਉਂਟਬੈਟਨ ਸ) ਪੁਰਤਗਾਲੀ ਬਸਤੀ

ਉੱਤਰ:- 1. ਖਰੜਾ ਕਮੇਟੀ ੲ) ਸੱਤ ਮੈਂਬਰ
2. ਹੈਦਰਾਬਾਦ ੳ) ਦੇਸੀ ਰਿਆਸਤ
3. ਦਾਦਰਾ ਤੇ ਨਗਰ ਹਵੇਲੀ ਅ) ਗਵਰਨਰ ਜਨਰਲ
4. ਲਾਰਡ ਮਾਉਂਟਬੈਟਨ ਸ) ਪੁਰਤਗਾਲੀ ਬਸਤੀ

24. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਡਾ. ਬੀ. ਆਰ. ਅੰਬੇਦਕਰ ੳ) ਦਾਜ

2. ਭਰੂਣ ਹੱਤਿਆ ਅ) 1930

3. ਸਿਵਲ ਨਾ ਫੁਰਮਾਨੀ ੲ) ਮਸੌਦਾ ਕਮੇਟੀ

ਉੱਤਰ:- 1. ਡਾ. ਬੀ. ਆਰ. ਅੰਬੇਦਕਰ ੲ) ਮਸੌਦਾ ਕਮੇਟੀ

2. ਭਰੂਣ ਹੱਤਿਆ ੳ) ਦਾਜ

3. ਸਿਵਲ ਨਾ ਫੁਰਮਾਨੀ ਅ) 1930

25. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਮੌਲਿਕ ਅਧਿਕਾਰ ੳ) ਸੰਵਿਧਾਨ ਦੀ ਆਤਮਾ

2. ਕਾਨੂੰਨ ਅ) ਤੀਸਰਾ ਭਾਗ

3. ਪ੍ਰਸਤਾਵਨਾ ੲ) ਨਿਆਂਇਕ ਪੁਨਰ ਨਿਰੀਖਣ

4. ਨਿਆਂਪਾਲਿਕਾ ਸ) ਸਮਾਨਤਾ

ਉੱਤਰ:- 1. ਮੌਲਿਕ ਅਧਿਕਾਰ ਅ) ਤੀਸਰਾ ਭਾਗ

2. ਕਾਨੂੰਨ ਸ) ਸਮਾਨਤਾ

3. ਪ੍ਰਸਤਾਵਨਾ ੳ) ਸੰਵਿਧਾਨ ਦੀ ਆਤਮਾ

4. ਨਿਆਂਪਾਲਿਕਾ ੲ) ਨਿਆਂਇਕ ਪੁਨਰ ਨਿਰੀਖਣ

ਨੋਟ- ਪਾਠ 26 ਵਿੱਚੋ ਪ੍ਰਸ਼ਨ ਨਹੀਂ ਹੈ।

27. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਰਾਸ਼ਟਰਪਤੀ ੳ) ਸਥਾਈ ਸਦਨ

2. ਰਾਜ ਸਭਾ ਅ) ਲੋਕ ਸਭਾ ਦਾ ਮੁਖੀ

3. ਪ੍ਰਧਾਨ ਮੰਤਰੀ ਣ) ਅਪ੍ਰਤੱਖ ਚੋਣ ਪ੍ਰਣਾਲੀ

ਉੱਤਰ:-1. ਰਾਸ਼ਟਰਪਤੀ ਣ) ਅਪ੍ਰਤੱਖ ਚੋਣ ਪ੍ਰਣਾਲੀ

2. ਰਾਜ ਸਭਾ ੳ) ਸਥਾਈ ਸਦਨ

3. ਪ੍ਰਧਾਨ ਮੰਤਰੀ ਅ) ਲੋਕ ਸਭਾ ਦਾ ਮੁਖੀ

28. ਮਿਲਾਨ ਕਰੋ:-

ਕਾਲਮ ੳ ਕਾਲਮ ਅ

1.ਜਨਹਿੱਤ ਮੁਕੱਦਮਾ ੳ) ਰਾਜ ਪੱਧਰ

2. ਉੱਚ ਅਦਾਲਤਾਂ ਅ) ਪਹਿਲੀ ਸੂਚਨਾ ਰਿਪੋਰਟ

3. ਐਫ. ਆਈ. ਆਰ ੲ) ਜਨਤਕ ਹਿੱਤਾਂ ਦੀ ਰਾਖੀ

ਉੱਤਰ:- 1. ਜਨਹਿੱਤ ਮੁਕੱਦਮਾ ੲ) ਜਨਤਕ ਹਿੱਤਾਂ ਦੀ ਰਾਖੀ

2. ਉੱਚ ਅਦਾਲਤਾਂ ੳ) ਰਾਜ ਪੱਧਰ

3. ਐਫ. ਆਈ. ਆਰ ਅ) ਪਹਿਲੀ ਸੂਚਨਾ ਰਿਪੋਰਟ

29. ਮਿਲਾਨ ਕਰੋ:-

ਕਾਲਮ ੳ ਕਾਲਮ ਅ

1. ਪੜ੍ਹੋ ਸਾਰੇ ਵਧੋ ਸਾਰੇ ੳ) 52%

2. ਪੱਛੜੀਆਂ ਸ਼੍ਰੇਣੀਆਂ ਅ) ਸਰਵ ਸਿੱਖਿਆ ਅਭਿਆਨ

3. ਸਮਾਨਤਾ ਦਾ ਅਧਿਕਾਰ ੲ) ਪੁਰਾਣੀ ਪ੍ਰਥਾ

4. ਛੂਤ ਛਾਤਸ) 14 ਤੋਂ 18 ਅਨੁਛੇਦ

ਉੱਤਰ:-1. ਪੜ੍ਹੋ ਸਾਰੇ ਵਧੋ ਸਾਰੇ ਅ) ਸਰਵ ਸਿੱਖਿਆ ਅਭਿਆਨ

2. ਪੱਛੜੀਆਂ ਸ਼੍ਰੇਣੀਆਂ ੳ) 52%

3. ਸਮਾਨਤਾ ਦਾ ਅਧਿਕਾਰ        ਸ) 14 ਤੋਂ 18 ਅਨੁਛੇਦ

4. ਛੂਤ ਛਾਤ        ਏ) ਪੁਰਾਣੀ ਪ੍ਰਥਾ

# ਪ੍ਰਸ਼ਨ 5. ਤਿੰਨ ਅੰਕਾਂ ਵਾਲੇ ਪ੍ਰਸ਼ਨ:-

1. ੳ) ਮਿੱਟੀ ਦੀ ਪ੍ਰੀਭਾਸ਼ਾ ਦਿਉ?

ਅ) ਕੁਦਰਤੀ ਸਾਧਨ ਕਿਹੜੇ ਹਨ?

ੲ) ਮੁੱਕਣਯੋਗ ਸਾਧਨਾਂ ਦੀ ਵਰਤੋਂ ਸਾਨੂੰ ਸਮਝਦਾਰੀ ਨਾਲ ਕਿਉਂ ਕਰਨੀ ਚਾਹੀਦੀ ਹੈ?

ਉੱਤਰ:-

ੳ)ਮਿੱਟੀ ਧਰਤੀ ਦੀ ਸਭ ਤੋਂ ਉਪਰਲੀ ਪਤਲੀ ਜਿਹੀ ਪਰਤ ਹੈ।

ਅ)ਮਿੱਟੀ , ਦਰੱਖਤ, ਪਾਣੀ , ਹਵਾ ਆਦਿ ਕੁਦਰਤੀ ਸਾਧਨ ਹਨ।

ੲ) ਇਹ ਪਦਾਰਥ ਖਤਮ ਹੋਣ ਤੇ ਦੁਬਾਰਾ ਨਹੀਂ ਮਿਲਣੇ।

2.ੳ) ਪ੍ਰਵਾਸੀ ਪੰਛੀ ਕੀ ਹਨ? ਇਹ ਕਿੱਥੋਂ ਆਉਂਦੇ ਹਨ?

ਅ) ਭਾਰਤੀ ਬੋਰਡ ਦੀ ਸਥਾਪਨਾ ਕਿਉਂ ਕੀਤੀ ਗਈ?

ੲ) ਭਾਰਤ ਵਿੱਚ ਕੌਮੀ ਪਾਰਕ ਕਿੰਨੇ ਹਨ?

ਉੱਤਰ:-

ੳ) ਜੋ ਪੰਛੀ ਸਾਇਬੇਰੀਆ , ਚੀਨ ਤੋਂ ਭਾਰਤ ਆਉਂਦੇ ਹਨ, ਉਹਨਾਂ ਨੂੰ ਪ੍ਰਵਾਸੀ ਪੰਛੀ ਕਹਿੰਦੇ ਹਨ।

ਅ) ਜੰਗਲੀ ਜੀਵਾਂ ਨੂੰ ਬਚਾਉਣ ਲਈ ਭਾਰਤੀ ਬੋਰਡ ਦੀ ਸਥਾਪਨਾ ਕੀਤੀ ਗਈ।

ੲ) ਭਾਰਤ ਵਿੱਚ 89 ਕੌਮੀ ਪਾਰਕ ਹਨ।

3. ੳ) ਤਾਂਬੇ ਦੀ ਵਰਤੋਂ ਕਿੱਥੇ- ਕਿੱਥੇ ਹੁੰਦੀ ਹੈ?

ਅ) ਭਾਰਤ ਵਿੱਚ ਸੋਨੇ ਦੀਆਂ ਖਾਣਾਂ ਦੇ ਨਾਂ ਦੱਸੋ?

ੲ)ਪ੍ਰਮਾਣੂ ਪਦਾਰਥਾਂ ਦੀ ਵਰਤੋਂ ਸਾਨੂੰ ਕਿਸ ਤਰਾਂ ਕਰਨੀ ਚਾਹੀਦੀ ਹੈ?

ਉੱਤਰ:-

ੳ) ਤਾਂਬੇ ਦੀ ਵਰਤੋਂ ਭਾਂਡੇ, ਸਿੱਕੇ , ਬਿਜਲੀ ਦੀਆਂ ਤਾਰਾਂ ਬਣਾਉਣ ਲਈ ਕੀਤੀ ਜਾਂਦੀ ਹੈ।

ਅ) ਭਾਰਤ ਵਿੱਚ ਕੋਲਾਰ, ਹੱਟੀ ਅਤੇ ਰਾਮਗਿਰੀ ਵਿੱਚ ਸੋਨੇ ਦੀਆਂ ਖਾਣਾਂ ਹਨ।

ੲ) ਪ੍ਰਮਾਣੂ ਪਦਾਰਥਾਂ ਦੀ ਵਰਤੋਂ ਸਾਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਕਰਨੀ ਚਾਹੀਦੀ ਹੈ।

4.ੳ) ਮੱਕੀ ਤੋਂ ਕੀ ਕੀ ਤਿਆਰ ਕੀਤਾ ਜਾਂਦਾ ਹੈ?

ਅ) ਅਨਾਜ ਫਸਲਾਂ ਦੇ ਨਾਂ ਲਿਖੋ।

ੲ) ਕੌਫ਼ੀ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ।

ਉੱਤਰ:-

ੳ) ਮੱਕੀ ਤੋਂ ਗੁਲੂਕੋਜ਼, ਸਟਾਰਚ ਅਤੇ ਅਲਕੋਹਲ ਤਿਆਰ ਕੀਤਾ ਜਾਂਦਾ ਹੈ।

ਅ) ਚਾਵਲ, ਕਣਕ , ਮੱਕੀ, ਜਵਾਰ, ਬਾਜਰਾ ਅਤੇ ਦਾਲਾਂ

ੲ) 1. ਐਬਰਿਕਾ 2. ਰੋਬਸਟਾ 3. ਲਾਇਬੈਰਿਕਾ

ਨੋਟ- ਅਕਾਦਮਿਕ ਸਾਲ 2018-19 ਲਈ ਭੂਗੋਲ ਭਾਗ ਦੇ 'ਪਾਠ ਨੰ: 5 ਉਦਯੋਗਿਕ ਵਿਕਾਸ: ਕਿਸਮਾਂ ਅਤੇ ਵੰਡ, ਪਾਠ ਨੰ: 6 ਮੁੱਖ ਉਦਯੋਗ: ਵਿਆਖਿਆ ਤੇ ਤੁਲਨਾਤਮਕ ਅਧਿਐਨ, ਪਾਠ ਨੰ: 7 ਮਨੁੱਖੀ ਸਾਧਨ ਅਤੇ ਨਾਗਰਿਕ ਸ਼ਾਸ਼ਤਰ ਭਾਗ ਦਾ ਪਾਠ ਨੰ: 30 ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਅਤੇ ਇਨ੍ਹਾਂ ਦੇ ਪ੍ਰਭਾਵ ਨਾ ਪੜ੍ਹਾਏ ਜਾਣਗੇ ਅਤੇ ਨਾ ਹੀ ਮੁਲਾਂਕਣ ਕੀਤਾ ਜਾਵੇਗਾ । ਇਸ ਕਰਕੇ ਇਹਨਾਂ ਪਾਠਾਂ ਦੇ ਵਿੱਚੋਂ ਪ੍ਰਸ਼ਨ ਇਸ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ।

8.ੳ) ਆਫ਼ਤ ਕਿਸਨੂੰ ਕਹਿੰਦੇ ਹਨ?

ਅ) ਮਹਾਂਮਾਰੀ ਤੋਂ ਤੁਹਾਡਾ ਕੀ ਭਾਵ ਹੈ?

ੲ)ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?

ਉੱਤਰ:-

ੳ) ਜਦੋਂ ਖਤਰੇ ਮਨੁੱਖ ਲਈ ਘਾਤਕ ਘਟਨਾਵਾਂ ਦਾ ਰੂਪ ਲੈ ਲੈਂਦੇ ਹਨ ਤਾਂ ਆਫ਼ਤ ਕਹਾਉਂਦੇ ਹਨ।

ਅ) ਜਦੋਂ ਕੋਈ ਬਿਮਾਰੀ ਫੈਲ ਕੇ ਬਹੁਤ ਵੱਡੇ ਪੱਧਰ ਤੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ।

ੲ)ਸੁਨਾਮੀ ਇੱਕ ਤਰਾਂ ਦੀ ਸਮੁੰਦਰੀ ਲਹਿਰ ਹੈ, ਜਿਹੜੀ ਭੁਚਾਲ ਅਤੇ ਧਰਤੀ ਦੇ ਖਿਸਕਣ ਆਦਿ ਤੋਂ ਪੈਦਾ ਹੁੰਦੀ ਹੈ।

9.ੳ) ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿਹੜੇ ਤਿੰਨ ਕਾਲਾਂ ਵਿੱਚ ਵੰਡਿਆ ਹੈ?

ਅ) ਆਧੁਨਿਕ ਕਾਲ ਦੌਰਾਨ ਭਾਰਤ ਵਿੱਚ ਆਈਆਂ ਯੂਰਪੀਅਨ ਸ਼ਕਤੀਆਂ ਦੇ ਨਾਂ ਲਿਖੋ।

ੲ) ਆਧੁਨਿਕ ਕਾਲ ਵਿੱਚ ਭਾਰਤੀ ਸ਼ਾਸ਼ਕਾਂ ਨੇ ਦੇਸ਼ ਦੀ ਅਰਥ ਵਿਵਸਥਾ ਦੀ ਮਜਬੂਤੀ ਲਈ ਕੀ ਕੀਤਾ?

ਉੱਤਰ:-

ੳ)ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਤਿੰਨ ਕਾਲਾਂ ਵਿੱਚ ਵੰਡਿਆ ਹੈ:- 1. ਪ੍ਰਾਚੀਨ 2. ਮੱਧ ਕਾਲ 3. ਆਧੁਨਿਕ ਕਾਲ

ਅ) ਪੁਰਤਗਾਲੀ, ਡੱਚ, ਅੰਗਰੇਜ਼ ਅਤੇ ਫਰਾਂਸੀਸੀ

ੲ) ਉਹਨਾਂ ਨੇ ਵਪਾਰ, ਖੇਤੀ ਅਤੇ ਉਦਯੋਗ ਨੂੰ ਉਤਸ਼ਾਹਿਤ ਕੀਤਾ।

10.ੳ) ਵਾਸਕੋ-ਡੀ- ਗਾਮਾ ਭਾਰਤ ਵਿੱਚ ਕਦੋਂ ਅਤੇ ਕਿਸ ਬੰਦਰਗਾਹ ਤੇ ਪਹੁੰਚਿਆ?

ਅ) ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਭਾਰਤ ਵਿੱਚ ਕਦੋਂ ਹੋਈ?

ੲ) ਕਰਨਾਟਕ ਦਾ ਪਹਿਲਾ ਯੁੱਧ ਕਦੋਂ ਖਤਮ ਹੋਇਆ?

ਉੱਤਰ:-

ੳ) 27 ਮਈ 1498 ਈ. ਨੂੰ ਕਾਲੀਕਟ ਦੀ ਬੰਦਰਗਾਹ ਤੇ।

ਅ) ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੀ ਸਥਾਪਨਾ 31 ਦਸੰਬਰ 1600 ਈ. ਨੂੰ ਹੋਈ।

ੲ) ਕਰਨਾਟਕ ਦਾ ਪਹਿਲਾ ਯੁੱਧ 1748 ਈ. ਵਿੱਚ ਖਤਮ ਹੋਇਆ।

11.ੳ) ਭਾਰਤ ਵਿੱਚ ਸਿਵਿਲ ਸਰਵਿਸ ਦਾ ਮੋਢੀ ਕੌਣ ਸੀ?

ਅ) ਲੀ- ਕਮਿਸ਼ਨ ਦੀ ਸਥਾਪਨਾ ਕਦੋਂ ਕੀਤੀ ਗਈ?

ੲ) ਕਿਹੜਾ ਪਹਿਲਾ ਭਾਰਤੀ ਸਿਵਿਲ ਸਰਵਿਸ ਦੀ ਪ੍ਰੀਖਿਆ ਪਾਸ ਕਰ ਸਕਿਆ?

ਉੱਤਰ:-

ੳ) ਭਾਰਤ ਵਿੱਚ ਲਾਰਡ ਕਾਰਨਵਾਲਿਸ ਸਿਵਿਲ ਸਰਵਿਸ ਦਾ ਮੋਢੀ ਸੀ।

ਅ) ਲੀ ਕਮਿਸ਼ਨ ਦੀ ਸਥਾਪਨਾ 1923 ਈ. ਵਿੱਚ ਕੀਤੀ ਗਈ।

ੲ) ਸਤਿੰਦਰ ਨਾਥ ਟੈਗੋਰ ਪਹਿਲਾ ਭਾਰਤੀ ਸੀ ਜਿਸਨੇ ਸਿਵਿਲ ਸਰਵਿਸ ਦੀ ਪ੍ਰੀਖਿਆ ਪਾਸ ਕੀਤੀ।

12.ੳ) ਅੰਗਰੇਜ਼ਾਂ ਦੀਆਂ ਭੂਮੀ ਸੰਬੰਧੀ ਨੀਤੀਆਂ ਦਾ ਮੁੱਖ ਉਦੇਸ਼ ਕੀ ਸੀ?

ਅ) ਸਥਾਈ ਬੰਦੋਬਸਤ ਕਿਸਨੇ ਲਾਗੂ ਕੀਤਾ?

ੲ) ਅੰਗਰੇਜ਼ਾਂ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਕਦੋਂ ਪ੍ਰਾਪਤ ਕੀਤੀ?

ਉੱਤਰ:-

ੳ) ਭਾਰਤ ਵਿੱਚੋਂ ਵੱਧ ਤੋਂ ਵੱਧ ਧਨ ਇੱਕਠਾ ਕਰਨਾ।

ਅ) ਸਥਾਈ ਬੰਦੋਬਸਤ ਲਾਰਡ ਕਾਰਨਵਾਲਿਸ ਨੇ ਲਾਗੂ ਕੀਤਾ।

ੲ) ਅੰਗਰੇਜ਼ਾਂ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ 1765 ਈ. ਵਿੱਚ ਪ੍ਰਾਪਤ ਕੀਤੀ।

13.ੳ) ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਧੇ ਕਿਹੜੇ ਸਨ?

ਅ) ਕਬਾਇਲੀ ਸਮਾਜ ਤੋਂ ਕੀ ਭਾਵ ਹੈ?

ੲ) ਕਬਾਇਲੀ ਵਿਦਰੋਹਾਂ ਦੇ ਨੇਤਾਵਾਂ ਦੇ ਨਾਂ ਲਿਖੋ?

ਉੱਤਰ:-

ੳ) ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਧੇ ਸ਼ਿਕਾਰ ਕਰਨਾ ਅਤੇ ਮੱਛੀਆਂ ਫੜਨਾ ਸਨ।

ਅ) ਕਬਾਇਲੀ ਸਮਾਜ ਤੋਂ ਭਾਵ ਭਾਰਤ ਦੇ ਆਦਿਵਾਸੀ ਲੋਕਾਂ ਤੋਂ ਹੈ।

ੲ) ਤੀਰੁਤ ਸਿੰਘ, ਸਿੱਧੂ ਅਤੇ ਕਾਰਨ, ਬਿਰਸਾ ਮੁੰਡਾ।

14.ੳ) ਭਾਰਤ ਵਿੱਚ ਚਾਹ ਦਾ ਪਹਿਲਾ ਬਾਗ ਕਿੱਥੇ ਲਗਾਇਆ ਗਿਆ?

ਅ) ਭਾਰਤ ਵਿੱਚ ਕੌਫ਼ੀ ਉਦਯੋਗ ਨੂੰ ਹਾਨੀ ਕਿਉਂ ਪਹੁੰਚੀ?

ੲ)ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ ਕਦੋਂ ਲਗਾਇਆ ਗਿਆ ?

ਉੱਤਰ:-

ੳ) ਭਾਰਤ ਵਿੱਚ ਚਾਹ ਦਾ ਪਹਿਲਾ ਬਾਗ ਆਸਾਮ ਵਿੱਚ ਲਗਾਇਆ ਗਿਆ।

ਅ) ਭਾਰਤ ਦੀ ਕੌਫ਼ੀ ਦਾ ਮੁਕਾਬਲਾ ਬ੍ਰਾਜ਼ੀਲ ਦੀ ਕੌਫ਼ੀ ਨਾਲ ਸੀ , ਜਿਹੜੀ ਬਹੁਤ ਵਧੀਆ ਸੀ।

ੲ) ਭਾਰਤ ਵਿੱਚ ਸੂਤੀ ਕੱਪੜੇ ਦਾ ਪਹਿਲਾ ਉਦਯੋਗ 1853 ਈ. ਵਿੱਚ ਲਗਾਇਆ ਗਿਆ।

15 .ੳ) 1857 ਈ. ਦਾ ਵਿਦਰੋਹ ਸਭ ਤੋਂ ਪਹਿਲਾਂ ਕਿੱਥੇ ਸ਼ੁਰੂ ਹੋਇਆ?

ਅ) 1857 ਈ. ਦੇ ਵਿਦਰੋਹ ਦਾ ਪਹਿਲਾ ਸ਼ਹੀਦ ਕੌਣ ਸੀ?

ੲ) 1857 ਈ. ਦੇ ਵਿਦਰੋਹ ਦਾ ਤਤਕਾਲੀਨ ਕਾਰਨ ਦੱਸੋ?

ਉੱਤਰ:-

ੳ) 1857 ਈ. ਦਾ ਵਿਦਰੋਹ ਸਭ ਤੋਂ ਪਹਿਲਾਂ ਬੈਰਕਪੁਰ ਛਾਉਣੀ ਤੋਂ ਸ਼ੁਰੂ ਹੋਇਆ।

ਅ)1857 ਈ. ਦੇ ਵਿਦਰੋਹ ਦਾ ਪਹਿਲਾ ਸ਼ਹੀਦ ਮੰਗਲ ਪਾਂਡੇ ਸੀ।

ੲ) ਚਰਬੀ ਵਾਲੇ ਕਾਰਤੂਸ ਸਨ।

16 .ੳ) ਹੰਟਰ ਕਮਿਸ਼ਨ ਕਦੋਂ ਨਿਯੁਕਤ ਕੀਤਾ ਗਿਆ?

ਅ) 'ਬੇਸਿਕ ਸਿੱਖਿਆ' ਅਧੀਨ ਕਿੰਨੇ ਸਾਲ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ?

ੲ) ਰਾਜਾ ਰਾਮ ਮੋਹਨ ਰਾਏ ਕਿਹੜੀਆਂ ਭਾਸ਼ਾਵਾਂ ਦੇ ਵਿਦਵਾਨ ਸਨ?

ਉੱਤਰ:-

ੳ) ਹੰਟਰ ਕਮਿਸ਼ਨ 1882 ਈ. ਵਿੱਚ ਨਿਯੁਕਤ ਕੀਤਾ ਗਿਆ।

ਅ) 'ਬੇਸਿਕ ਸਿੱਖਿਆ' ਅਧੀਨ 6 ਤੋਂ 14 ਸਾਲ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ।

ੲ) ਬੰਗਾਲੀ, ਫ਼ਾਰਸੀ, ਸੰਸਕ੍ਰਿਤ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ।

17 .ੳ) ਆਰੀਆ ਸਮਾਜ ਦੇ ਸੰਸਥਾਪਕ ਕੌਣ ਸਨ?

ਅ) 'ਆਨੰਦ ਵਿਆਹ' ਦੀ ਪ੍ਰਣਾਲੀ ਕਿਸਨੇ ਚਲਾਈ?

ੲ)ਸੰਗਤ ਸਭਾ ਦੀ ਸਥਾਪਨਾ ਕਦੋਂ ਅਤੇ ਕਿਸਨੇ ਕੀਤੀ?

ਉੱਤਰ:-

ੳ) ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾਨੰਦ ਸਰਸਵਤੀ ਸਨ।

ਅ) 'ਆਨੰਦ ਵਿਆਹ' ਦੀ ਪ੍ਰਣਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚਲਾਈ।

ੲ) ਸੰਗਤ ਸਭਾ ਦੀ ਸਥਾਪਨਾ 1860 ਈ. ਵਿੱਚ ਕੇਸ਼ਵ ਚੰਦਰ ਸੇਨ ਨੇ ਕੀਤੀ

18 .ੳ) ਸਤੀ ਪ੍ਰਥਾ ਨੂੰ ਕਿਸਨੇ ਗੈਰ ਕਾਨੂੰਨੀ ਘੋਸ਼ਿਤ ਕੀਤਾ?

ਅ) ਡਾ. ਭੀਮ ਰਾਓ ਅੰਬੇਦਕਰ ਦੁਆਰਾ ਗਠਿਤ ਦੋ ਰਾਜਨੀਤਿਕ ਦਲਾਂ ਦੇ ਨਾਂ ਲਿਖੋ?

ੲ) 19ਵੀਂ ਅਤੇ 20ਵੀਂ ਸਦੀ ਦੇ ਸਮਾਜਿਕ ਅਤੇ ਧਾਰਮਿਕ ਸੁਧਾਰ ਅੰਦੋਲਨਾਂ ਦੇ ਨਾਂ ਲਿਖੋ?

ਉੱਤਰ:-

ੳ) ਲਾਰਡ ਵਿਲਿਅਮ ਬੈਟਿਕ ਨੇ ਸਤੀ ਪ੍ਰਥਾ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ।

ਅ) 1. ਲੇਬਰ ਪਾਰਟੀ 2. ਸ਼ੈਡਿਊਲਡ ਕਾਸਟ ਫੈਡਰੇਸ਼ਨ

ੲ) 1. ਬ੍ਰਹਮੋ ਸਮਾਜ 2. ਆਰੀਆ ਸਮਾਜ 3. ਨਾਮਧਾਰੀ ਲਹਿਰ

19 .ੳ) ਗੰਗਾ ਨਹਿਰ ਵਿੱਚ ਪਾਣੀ ਕਦੋਂ ਛੱਡਿਆ ਗਿਆ?

ਅ) ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ, ਕਦੋਂ ਅਤੇ ਕਿੱਥੋਂ ਤੋਂ ਕਿੱਥੇ ਤੱਕ ਬਣਾਈ ਗਈ?

ੲ) ਬੰਬਈ ਸ਼ਹਿਰ ਕਿੱਥੇ ਸਥਿਤ ਹੈ?

ਉੱਤਰ:-

ੳ) ਗੰਗਾ ਨਹਿਰ ਵਿੱਚ ਪਾਣੀ 8 ਅਪ੍ਰੈਲ 1853 ਈ. ਨੂੰ ਛੱਡਿਆ ਗਿਆ।

ਅ) ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਲਾਰਡ ਡਲਹੌਜ਼ੀ ਦੁਆਰਾ, 1853 ਈ. ਵਿੱਚ ਬੰਬਈ ਤੋਂ ਥਾਨਾ ਤੱਕ ਬਣਾਈ ਗਈ।

ੲ) ਬੰਬਈ ਸ਼ਹਿਰ ਮਹਾਰਾਸ਼ਟਰ ਰਾਜ ਵਿੱਚ ਅਰਬ ਸਾਗਰ ਦੇ ਪੂਰਬੀ ਤੱਟ ਤੇ ਸਥਿਤ ਹੈ।

20 .ੳ) ਰਵਿੰਦਰ ਨਾਥ ਟੈਗੋਰ ਨੇ ਕਲਾ ਭਵਨ ਦੀ ਸਥਾਪਨਾ ਕਿੱਥੇ ਕੀਤੀ?

ਅ) ਲਘੂ ਵਾਰਤਾ ਦੇ ਪ੍ਰਸਿੱਧ ਲੇਖਕਾਂ ਦੇ ਨਾਂ ਲਿਖੋ?

ੲ) 'ਵਿਕਟੋਰੀਆ ਟਰਮੀਨਸ' ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?

ਉੱਤਰ:-

ੳ) ਰਵਿੰਦਰ ਨਾਥ ਟੈਗੋਰ ਨੇ ਕਲਾ ਭਵਨ ਦੀ ਸਥਾਪਨਾ ਸ਼ਾਂਤੀ ਨਿਕੇਤਨ ਵਿੱਚ ਕੀਤੀ।

ਅ) 1. ਰਵਿੰਦਰ ਨਾਥ ਟੈਗੋਰ 2. ਮੁਨਸ਼ੀ ਪ੍ਰੇਮ ਚੰਦ 3. ਯਸਪਾਲ

ੲ) 'ਵਿਕਟੋਰੀਆ ਟਰਮੀਨਸ' ਨੂੰ 'ਛੱਤਰਪਤੀ ਸ਼ਿਵਾਜੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

21.ੳ) ਗਦਰ ਲਹਿਰ ਦੇ ਪ੍ਰਧਾਨ ਕੌਣ ਸਨ?

ਅ) ਇਲਬਰਟ ਬਿੱਲ ਕਿਸਨੇ ਪੇਸ਼ ਕੀਤਾ?

ੲ) ਕਾਂਗਰਸ ਦੀ ਵੰਡ ਕਿਹੜੇ ਦੋ ਭਾਗਾਂ ਵਿੱਚ ਹੋਈ?

ਉੱਤਰ:-

ੳ) ਗਦਰ ਲਹਿਰ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸੀ।

ਅ) ਇਲਬਰਟ ਬਿੱਲ ਲਾਰਡ ਰਿਪਨ ਨੇ ਪੇਸ਼ ਕੀਤਾ।

ੲ)ਕਾਂਗਰਸ ਦੀ ਵੰਡ ਨਰਮ ਦਲ ਅਤੇ ਗਰਮ ਦਲ ਵਿੱਚ ਹੋਈ।

22 . ੳ) ਸ੍ਰ. ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਕਦੋਂ ਫਾਂਸੀ ਹੋਈ?

ਅ) ਸਾਈਮਨ ਕਮਿਸ਼ਨ ਭਾਰਤ ਕਦੋਂ ਆਇਆ?

ੲ) ਨਾ ਮਿਲਵਰਤਨ ਅੰਦੋਲਨ ਕਦੋਂ ਵਾਪਸ ਲਿਆ?

ਉੱਤਰ:-

ੳ) ਉਹਨਾਂ ਨੂੰ 23 ਮਾਰਚ 1931 ਈ. ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

ਅ) ਸਾਈਮਨ ਕਮਿਸ਼ਨ ਭਾਰਤ 1928 ਈ. ਵਿੱਚ ਆਇਆ।

ੲ) ਨਾ ਮਿਲਵਰਤਨ ਅੰਦੋਲਨ 1922 ਈ. ਵਿੱਚ ਵਾਪਸ ਲਿਆ ਗਿਆ।

23.ੳ) ਰਾਜਾਂ ਦਾ ਪੁਨਰਗਠਨ ਕਦੋਂ ਕੀਤਾ ਗਿਆ?

ਅ) ਗੁੱਟ ਨਿਰਲੇਪ ਲਹਿਰ ਦਾ ਪਿਤਾਮਾ ਕੌਣ ਸੀ?

ੲ) ਭਾਰਤ ਅਤੇ ਚੀਨ ਦੇ ਵਿਚਕਾਰ ਯੁੱਧ ਕਦੋਂ ਅਤੇ ਕਿਸ ਕਾਰਨ ਹੋਇਆ?

ਉੱਤਰ:-

ੳ) ਰਾਜਾਂ ਦਾ ਪੁਨਰਗਠਨ ਨਵੰਬਰ 1956 ਕੀਤਾ ਗਿਆ।

ਅ) ਗੁੱਟ ਨਿਰਲੇਪ ਲਹਿਰ ਦੇ ਪਿਤਾਮਾ ਭਾਰਤ ਦੇ ਪੰਡਿਤ ਜਵਾਹਰ ਲਾਲ ਨਹਿਰੂ , ਯੂਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਕੇਸਰ ਸਨ।

ੲ) ਭਾਰਤ ਅਤੇ ਚੀਨ ਦੇ ਵਿਚਕਾਰ ਯੁੱਧ 1962 ਈ. ਵਿੱਚ ਸੀਮਾਵਰਤੀ ਝਗੜਿਆਂ ਕਾਰਨ ਹੋਇਆ।

24.ੳ) ਸੰਵਿਧਾਨ ਤੋਂ ਕੀ ਭਾਵ ਹੈ?

ਅ) ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ ਕਿੰਨਾਂ ਸਮਾਂ ਲੱਗਾ?

ੲ) ਸ਼ਰਾਬਬੰਦੀ ਕਾਨੂੰਨ ਕਿੱਥੇ ਕਿੱਥੇ ਪਾਸ ਕੀਤੇ ਗਏ?

ਉੱਤਰ:-

ੳ) ਸੰਵਿਧਾਨ ਇੱਕ ਕਾਨੂੰਨੀ ਦਸਤਾਵੇਜ ਹੈ।

ਅ)ਭਾਰਤ ਦਾ ਸੰਵਿਧਾਨ ਤਿਆਰ ਕਰਨ ਲਈ 2 ਸਾਲ 11 ਮਹੀਨੇ ਅਤੇ 18 ਦਿਨ ਲੱਗੇ।

ੲ) ਸ਼ਰਾਬਬੰਦੀ ਕਾਨੂੰਨ ਗੁਜਰਾਤ , ਹਰਿਆਣਾ ਅਤੇ ਕੇਰਲ ਵਿੱਚ ਪਾਸ ਕੀਤੇ ਗਏ।

25.ੳ) 'ਧਰਮ ਨਿਰਪੱਖਤਾ' ਸ਼ਬਦ ਦਾ ਕੀ ਅਰਥ ਹੈ?

ਅ) ਭਾਰਤੀ ਸੰਵਿਧਾਨ ਦਾ ਪਹਿਲਾ ਆਦਰਸ਼ ਕੀ ਸੀ?

ੲ) ਸਮਾਨਤਾ ਤੋਂ ਕੀ ਭਾਵ ਹੈ?

ਉੱਤਰ:-

ੳ) 'ਧਰਮ ਨਿਰਪੱਖਤਾ' ਦਾ ਅਰਥ ਹੈ ਕਿ ਰਾਜ ਜਾਂ ਸਰਕਾਰ ਦਾ ਆਪਣਾ ਕੋਈ ਧਰਮ ਨਹੀਂ ਹੁੰਦਾ।

ਅ) ਭਾਰਤੀ ਸੰਵਿਧਾਨ ਦਾ ਪਹਿਲਾ ਉਦੇਸ਼ ਅੰਦਰੂਨੀ ਅਤੇ ਬਾਹਰੀ ਸੁਤੰਤਰਤਾ ਪ੍ਰਾਪਤ ਕਰਨਾ ਸੀ।

ੲ) ਸਮਾਨਤਾ ਤੋਂ ਭਾਵ ਹੈ ਕਿ ਰਾਜ ਦੇ ਸਾਰੇ ਨਾਗਰਿਕ ਭਾਵੇਂ ਉਹ ਕਿਸੇ ਵੀ ਜਾਤੀ ਜਾਂ ਧਰਮ ਨਾਲ ਸੰਬੰਧ ਰੱਖਦੇ ਹੋਣ, ਸਾਰੇ ਸਮਾਨ ਹਨ।

26.ੳ)ਮੁਫ਼ਤ ਤੇ ਲਾਜ਼ਮੀ ਵਿੱਦਿਆ ਦਾ ਅਧਿਕਾਰ ਕਿਹੜੀ ਜਮਾਤ ਤੱਕ ਲਾਗੂ ਹੈ?

ਅ) ਭਾਰਤੀ ਸੰਵਿਧਾਨ ਵਿੱਚ ਮੌਲਿਕ ਅਧਿਕਾਰ ਕਿਹੜੇ ਅਨੁਛੇਦ ਵਿੱਚ ਦਰਜ ਹਨ?

ੲ) ਸਮਾਨਤਾ ਦਾ ਅਧਿਕਾਰ ਕਿਸ ਤਰਾਂ ਦਾ ਅਧਿਕਾਰ ਹੈ?

ਉੱਤਰ:-

ੳ) ਮੁਫ਼ਤ ਤੇ ਲਾਜ਼ਮੀ ਵਿੱਦਿਆ ਦਾ ਅਧਿਕਾਰ ਅੱਠਵੀਂ ਜਮਾਤ ਤੱਕ ਲਾਗੂ ਹੈ।

ਅ)ਭਾਰਤੀ ਸੰਵਿਧਾਨ ਵਿੱਚ ਮੌਲਿਕ ਅਧਿਕਾਰ 14 ਤੋਂ 32 ਅਨੁਛੇਦ ਵਿੱਚ ਦਰਜ ਹਨ।

ੲ) ) ਸਮਾਨਤਾ ਦਾ ਅਧਿਕਾਰ ਸਭ ਤੋਂ ਮੁੱਢਲਾ ਅਧਿਕਾਰ ਹੈ।

27.ੳ) ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਕੌਣ ਸਨ?

ਅ) ਸੰਸਦ ਦੇ ਦੋਨਾਂ ਸਦਨਾਂ ਵਿੱਚ ਹੋਏ ਮਤਭੇਦਾਂ ਨੂੰ ਕੌਣ ਦੂਰ ਕਰਦਾ ਹੈ?

ੲ) ਸਰਕਾਰ ਦੇ ਕਿਹੜੇ ਕਿਹੜੇ ਤਿੰਨ ਰੂਪ ਹੁੰਦੇ ਹਨ?

ਉੱਤਰ:-

ੳ)ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਨ।

ਅ) ਸੰਸਦ ਦੇ ਦੋਨਾਂ ਸਦਨਾਂ ਵਿੱਚ ਹੋਏ ਮਤਭੇਦਾਂ ਨੂੰ ਰਾਸ਼ਟਰਪਤੀ ਦੂਰ ਕਰਦਾ ਹੈ।

ੲ) 1. ਵਿਧਾਨ ਪਾਲਿਕਾ 2. ਕਾਰਜ ਪਾਲਿਕਾ 3. ਨਿਆਂ ਪਾਲਿਕਾ

28.ੳ) ਭਾਰਤ ਵਿੱਚ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ?

ਅ) ਸਰਕਾਰੀ ਵਕੀਲ ਕੌਣ ਹੁੰਦੇ ਹਨ?

ੲ) ਪੁਲਿਸ ਵਿਭਾਗ ਦੀ ਸਭ ਤੋਂ ਛੋਟੀ ਸੰਸਥਾ ਕਿਹੜੀ ਹੈ?

ਉੱਤਰ:-

ੳ)ਭਾਰਤ ਵਿੱਚ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਹੈ।

ਅ) ਜਿਹੜੇ ਵਕੀਲ ਸਰਕਾਰ ਵਲੋਂ ਮੁਕੱਦਮਾ ਲੜਦੇ ਹਨ, ਉਹਨਾਂ ਨੂੰ ਸਰਕਾਰੀ ਵਕੀਲ ਕਹਿੰਦੇ ਹਨ।

ੲ) ਪੁਲਿਸ ਵਿਭਾਗ ਦੀ ਸਭ ਤੋਂ ਛੋਟੀ ਸੰਸਥਾ ਥਾਣਾ ਹੈ।

29 . ੳ) ਅਨਪੜ੍ਹਤਾ ਕਿਸਨੂੰ ਕਹਿੰਦੇ ਹਨ?

ਅ) ਕੀ ਮੈਲਾ ਢੋਣ ਦੀ ਪ੍ਰਥਾ ਬੰਦ ਹੋ ਚੁੱਕੀ ਹੈ?

ੲ) ਛੂਤਛਾਤ ਨੂੰ ਕਾਨੂੰਨੀ ਅਪਰਾਧ ਕਿਉਂ ਘੋਸ਼ਿਤ ਕੀਤਾ ਗਿਆ ਹੈ?

ਉੱਤਰ:-

ੳ) ਅਨਪੜ੍ਹਤਾ ਦਾ ਅਰਥ ਹੈ- ਲੋਕਾਂ ਦਾ ਪੜ੍ਹਿਆ ਲਿਖਿਆ ਨਾਂ ਹੋਣਾ

ਅ) ਜੀ ਹਾਂ , ਮੈਲਾ ਢੋਣ ਦੀ ਪ੍ਰਥਾ ਅੱਜਕਲ੍ਹ ਬੰਦ ਹੋ ਚੁਕੀ ਹੈ।

ੲ) ਛੂਤਛਾਤ ਨੂੰ ਕਾਨੂੰਨੀ ਅਪਰਾਧ ਇਸਲਈ ਘੋਸ਼ਿਤ ਕੀਤਾ ਗਿਆ ਹੈ ਕਿਉਂਕਿ ਇਹ ਇੱਕ ਅਣਮਨੁੱਖੀ ਪ੍ਰਥਾ ਹੈ।

# ਪ੍ਰਸ਼ਨ 6. ਪੰਜ ਅੰਕਾਂ ਵਾਲੇ ਪ੍ਰਸ਼ਨ:-

1. ੳ) ਸਾਧਨਾਂ ਦੀ ਸਹੀ ਸਾਂਭ ਸੰਭਾਲ ਕਿਵੇਂ ਹੋ ਸਕਦੀ ਹੈ?

ਉੱਤਰ- ਸਾਧਨਾਂ ਦੀ ਸਹੀ ਸਾਂਭ ਸੰਭਾਲ ਲਈ ਇਹਨਾਂ ਦੀ ਪੂਰੀ ਵਰਤੋਂ ਕੀਤੀ ਜਾਵੇ ਅਤੇ ਦੁਰਉਪਯੋਗ ਤੋਂ ਬਚਾਇਆ ਜਾਵੇ।

2. ੳ) ਪਾਣੀ ਦੇ ਮੁੱਖ ਸੋਮਿਆਂ ਦੇ ਨਾਂ ਲਿਖੋ।

ਅ) ਕੁਦਰਤੀ ਬਨਸਪਤੀ ਤੋਂ ਕੀ ਪ੍ਰਾਪਤ ਹੁੰਦਾ ਹੈ?

ਉੱਤਰ- ੳ) 1. ਵਰਖਾ 2. ਦਰਿਆ ਅਤੇ ਨਦੀਆਂ 3. ਨਹਿਰਾਂ 4. ਤਲਾਬ 5. ਧਰਤੀ ਹੇਠਲਾ ਪਾਣੀ।

ਅ) ਕੁਦਰਤੀ ਬਨਸਪਤੀ ਤੋਂ ਸਾਨੂੰ ਫਲ, ਬਾਲਣ , ਲੱਕੜ , ਗੂੰਦ, ਬਰੋਜ਼ਾ, ਤਾਰਪੀਨ ਲਾਖ, ਰਬੜ, ਚਮੜਾ, ਦਵਾਈਆਂ ਅਤੇ ਜੜ੍ਹੀ ਬੂਟੀਆਂ ਪ੍ਰਾਪਤ ਹੁੰਦੀਆਂ ਹਨ।

3. ੳ) ਖਣਿਜ ਪਦਾਰਥਾਂ ਦੀ ਪ੍ਰੀਭਾਸ਼ਾ ਲਿਖੋ।

ਅ) ਬਹੁ-ਉਦੇਸ਼ੀ ਪ੍ਰੋਜੈਕਟ ਕੀ ਹੁੰਦੇ ਹਨ?

ਉੱਤਰ- ੳ) ਖਣਿਜ ਪਦਾਰਥ ਉਹ ਕੁਦਰਤੀ ਪਦਾਰਥ ਹਨ ਜਿਹੜੇ ਧਰਤੀ ਦੇ ਅੰਦਰੂਨੀ ਹਿੱਸੇ ਵਿੱਚ ਪਾਏ ਜਾਂਦੇ ਹਨ ਅਤੇ ਜਿਹੜੇ ਇੱਕ ਜਾਂ ਅਨੇਕ ਤੱਤਾਂ ਤੋਂ ਬਣਦੇ ਹਨ।

ਅ) ਡੈਮ ਜਾਂ ਪ੍ਰੋਜੈਕਟ ਜੋ ਪਣ ਬਿਜਲੀ ਤਿਆਰ ਕਰਨ ਲਈ ਲਗਾਏ ਜਾਂਦੇ ਹਨ, ਅਤੇ ਇਸ ਦੇ ਨਾਲ ਨਾਲ ਹੋਰ ਉਦੇਸ਼ ਜਿਵੇਂ ਸਿੰਚਾਈ ਆਦਿ ਦੀ ਪੂਰਤੀ ਕਰਦੇ ਹਨ , ਨੂੰ ਬਹੁ-ਉਦੇਸ਼ ਪ੍ਰੋਜੈਕਟ ਕਹਿੰਦੇ ਹਨ।

4. ੳ) ਪੰਜਾਬ ਵਿੱਚ ਖੇਤੀਬਾੜੀ ਤੇ ਨੋਟ ਲਿਖੋ।

ਉੱਤਰ- ਪੰਜਾਬ ਖੇਤੀਬਾੜੀ ਵਿੱਚ ਭਾਰਤ ਵਿੱਚੋਂ ਬਹੁਤ ਅੱਗੇ ਹੈ। ਪੰਜਾਬ ਦੇ 58% ਲੋਕ ਖੇਤੀਬਾੜੀ ਕਰਦੇ ਹਨ।ਇੱਥੋਂ ਦੀ ਮਿੱਟੀ ਉਪਜਾਊ ਕਿਸਮ ਦੀ ਹੈ।

ਨੋਟ- ਅਕਾਦਮਿਕ ਸਾਲ 2018-19 ਲਈ ਭੂਗੋਲ ਭਾਗ ਦੇ 'ਪਾਠ ਨੰ: 5 ਉਦਯੋਗਿਕ ਵਿਕਾਸ: ਕਿਸਮਾਂ ਅਤੇ ਵੰਡ, ਪਾਠ ਨੰ: 6 ਮੁੱਖ ਉਦਯੋਗ: ਵਿਆਖਿਆ ਤੇ ਤੁਲਨਾਤਮਕ ਅਧਿਐਨ, ਪਾਠ ਨੰ: 7 ਮਨੁੱਖੀ ਸਾਧਨ ਅਤੇ ਨਾਗਰਿਕ ਸ਼ਾਸ਼ਤਰ ਭਾਗ ਦਾ ਪਾਠ ਨੰ: 30 ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਅਤੇ ਇਨ੍ਹਾਂ ਦੇ ਪ੍ਰਭਾਵ ਨਾ ਪੜ੍ਹਾਏ ਜਾਣਗੇ ਅਤੇ ਨਾ ਹੀ ਮੁਲਾਂਕਣ ਕੀਤਾ ਜਾਵੇਗਾ । ਇਸ ਕਰਕੇ ਇਹਨਾਂ ਪਾਠਾਂ ਦੇ ਵਿੱਚੋਂ ਪ੍ਰਸ਼ਨ ਇਸ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ।

8. ੳ) ਭੂਚਾਲ ਤੋਂ ਤੁਹਾਡਾ ਕੀ ਭਾਵ ਹੈ? ਇਸਨੂੰ ਕਿਵੇਂ ਮਾਪਿਆ ਜਾ ਸਕਦਾ ਹੈ?

ਅ) ਜਵਾਲਾਮੁਖੀ ਕਿਸਨੂੰ ਕਹਿੰਦੇ ਹਨ?

ਉੱਤਰ- ੳ) ਧਰਤੀ ਦੇ ਹਿੱਲਣ ਨੂੰ ਭੂਚਾਲ ਦਾ ਨਾਂ ਦਿੱਤਾ ਜਾਂਦਾ ਹੈ।ਇਸਨੂੰ ਰਿਕਟਰ ਪੈਮਾਨੇ ਨਾਲ ਮਾਪਿਆ ਜਾਂਦਾ ਹੈ।

ਅ) ਲਾਵਾ ਦੇ ਧਰਤੀ ਤੇ ਆਉਣ ਦੀ ਕਿਰਿਆ ਨੂੰ ਜਵਾਲਾਮੁਖੀ ਕਿਹਾ ਜਾਂਦਾ ਹੈ। ਇਹ ਤਿੰਨ ਤਰਾਂ ਦਾ ਹੁੰਦਾ ਹੈ।

9. ੳ) ਸਰਕਾਰੀ ਦਸਤਾਵੇਜ਼ਾਂ ਤੇ ਨੋਟ ਲਿਖੋ।

ਉੱਤਰ- ਸਰਕਾਰੀ ਦਸਤਾਵੇਜ਼ ਆਧੁਨਿਕ ਭਾਰਤੀ ਇਤਿਹਾਸ ਦੇ ਮਹੱਤਵਪੂਰਨ ਸਰੋਤ ਹਨ।ਇਹਨਾਂ ਦਸਤਾਵੇਜ਼ਾਂ ਤੋਂ ਸਾਨੂੰ ਭਾਰਤ ਵਿੱਚ ਵਿਦੇਸ਼ੀ ਸ਼ਕਤੀਆਂ ਦੀਆਂ ਗਤੀਵਿਧੀਆਂ ਅਤੇ ਪ੍ਰਸ਼ਾਸਨ ਦੀ ਜਾਣਕਾਰੀ ਮਿਲਦੀ ਹੈ।

10. ੳ) ਲੈਪਸ ਦੀ ਨੀਤੀ ਤੇ ਨੋਟ ਲਿਖੋ।

ਉੱਤਰ- ਲੈਪਸ ਦੀ ਨੀਤੀ ਲਾਰਡ ਡਲਹੌਜ਼ੀ ਨੇ ਅਪਨਾਈ, ਜਿਸ ਅਨੁਸਾਰ ਜਿਹੜੇ ਭਾਰਤੀ ਸ਼ਾਸਕ ਦੀ ਆਪਣੀ ਕੋਈ ਸੰਤਾਨ ਨਹੀਂ ਸੀ, ਉਹਨਾਂ ਨੂੰ ਪੁੱਤਰ ਗੋਦ ਲੈਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ ਅਤੇ ਉਸਦੀ ਮੌਤ ਤੋਂ ਬਾਅਦ ਉਸਦਾ ਰਾਜ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ ਜਾਂਦਾ ਸੀ।

11. ੳ) ਨਿਆਂ ਵਿਵਸਥਾ ਤੇ ਨੋਟ ਲਿਖੋ।

ਉੱਤਰ- ਅੰਗਰੇਜ਼ਾਂ ਨੇ ਭਾਰਤ ਨੂੰ ਮਹੱਤਵਪੂਰਨ ਦੇਣ ਦਿੱਤੀ 'ਲਿਖਤ ਕਾਨੂੰਨ' । 1773 ਈ. ਵਿੱਚ ਕਲਕੱਤੇ ਵਿੱਚ ਸਰਵ ਉੱਚ ਅਦਾਲਤ ਦੀ ਸਥਾਪਨਾ ਕੀਤੀ ਅਤੇ 'ਲਾਰਡ ਕਾਰਨਵਾਲਿਸ ਕੋਡ ਨਾਂ ਦੀ ਪੁਸਤਕ ਤਿਆਰ ਕੀਤੀ।

12 ੳ) ਨੀਲ ਵਿਦਰੋਹ ਤੇ ਨੋਟ ਲਿਖੋ।

ਉੱਤਰ- ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਲੈ ਨੀਲ ਉਤਪਾਦਨ ਤੇ ਵੱਧ ਲਗਾਨ ਲਗਾਉਣ ਵਿਰੁੱਧ ਵਿਦਰੋਹ ਕਰ ਦਿੱਤਾ । ਇਹ ਵਿਦਰੋਹ 1858 ਈ. ਤੋਂ 1860 ਈ. ਵਿੱਚ ਬੰਗਾਲ ਅਤੇ ਬਿਹਾਰ ਵਿੱਚ ਫੈਲਿਆ।

13. ੳ) ਬਿਰਸਾ ਮੁੰਡਾ ਤੇ ਨੋਟ ਲਿਖੋ।

ਉੱਤਰ- ਬਿਰਸਾ ਮੁੰਡਾ ਇੱਕ ਸ਼ਕਤੀਸ਼ਾਲੀ ਆਦਮੀ ਸੀ। ਉਸ ਕੋਲ ਦੈਵੀ ਸ਼ਕਤੀਆਂ ਸਨ । ਲੋਕ ਉਸਨੂੰ ਪ੍ਰਮਾਤਮਾ ਦਾ ਦੂਤ ਮੰਨਦੇ ਸਨ।ਉਹ ਸ਼ਾਹੂਕਾਰਾਂ ਤੋਂ ਨਫਰਤ ਕਰਦਾ ਸੀ।

14. ੳ) ਭਾਰਤੀ ਵਸਤੂਆਂ ਮਸ਼ੀਨਾਂ ਦੁਆਰਾ ਬਣੀਆਂ ਵਸਤੂਆਂ ਦਾ ਮੁਕਾਬਲਾ ਕਿਉਂ ਨਹੀਂ ਕਰ ਸਕੀਆਂ?

ਉੱਤਰ- ਭਾਰਤੀ ਵਸਤੂਆਂ ਮਸ਼ੀਨਾਂ ਦੀਆਂ ਵਸਤੂਆਂ ਦਾ ਮੁਕਾਬਲਾ ਨਾ ਕਰ ਸਕੀਆਂ ਕਿਉਂਕਿ ਮਸ਼ੀਨੀ ਵਸਤੂਆਂ ਸਾਫ਼ ਅਤੇ ਸੁੰਦਰ ਹੋਣ ਦੇ ਨਾਲ ਨਾਲ ਸਸਤੀਆਂ ਵੀ ਸਨ।

15. ੳ) ਝਾਂਸੀ ਦੀ ਰਾਣੀ ਨੇ 1857 ਈ. ਦੇ ਵਿਦਰੋਹ ਵਿੱਚ ਭਾਗ ਕਿਉਂ ਲਿਆ?

ਉੱਤਰ- 1857 ਈ. ਦੇ ਵਿਦਰੋਹ ਵਿੱਚ ਝਾਂਸੀ ਦੀ ਰਾਣੀ ਨੇ ਭਾਗ ਇਸ ਲਈ ਲਿਆ ਕਿਉਂਕਿ ਅੰਗਰੇਜ਼ਾਂ ਨੇ ਉਸਦੇ ਗੋਦ ਲਏ ਪੁੱਤਰ ਨੂੰ ਝਾਂਸੀ ਦਾ ਉੱਤਰਾਧਿਕਾਰੀ ਮੰਨਣ ਤੋਂ ਇਨਕਾਰ ਕਰ ਦਿੱਤਾ।

16. ੳ) ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ।

ਉੱਤਰ- 1. ਪੱਛਮੀ ਸਿੱਖਿਆ ਨਾਲ ਭਾਰਤ ਵਿੱਚ ਰਾਸ਼ਟਰੀ ਜਾਗ੍ਰਿਤੀ ਉਤਪੰਨ ਹੋਈ

2. ਸਿੱਖਿਆ ਮਹਿੰਗੀ ਹੋਣ ਕਾਰਨ ਜ਼ਿਆਦਾਤਰ ਲੋਕ ਅਨਪੜ੍ਹ ਰਹਿ ਗਏ।

3. ਪੱਛਮੀ ਸਿੱਖਿਆ ਨਾਲ ਭਾਰਤ ਵਿਚਲੇ ਅੰਧ ਵਿਸ਼ਵਾਸ਼ਾਂ ਦਾ ਖਾਤਮਾ ਹੋਇਆ ।

17. ੳ) ਪ੍ਰਾਰਥਨਾ ਸਮਾਜ ਦੀ ਸਥਾਪਨਾ ਕਦੋਂ ਹੋਈ ? ਇਸਦੇ ਦੋ ਮੁੱਖ ਨੇਤਾ ਕੌਣ ਸਨ?

ਅ) ਸ੍ਰੀਮਤੀ ਐਨੀ ਬੇਸੈਂਟ ਭਾਰਤ ਕਦੋਂ ਆਈ? ਉਹਨਾਂ ਦਾ ਸੰਬੰਧ ਕਿਸ ਸੰਸਥਾ ਨਾਲ ਸੀ?

ਉੱਤਰ- ੳ) ਪ੍ਰਾਰਥਨਾ ਸਮਾਜਦੀ ਸਥਾਪਨਾ 1867 ਈ. ਵਿੱਚ ਹੋਈ। ਇਸਦੇ ਦੋ ਮੁੱਖ ਨੇਤਾ ਮਹਾਂਦੇਵ ਗੋਬਿੰਦ ਰਾਨਾਡੇ ਅਤੇ ਰਾਮ ਕ੍ਰਿਸ਼ਨ ਗੋਪਾਲ ਭੰਡਾਰਕਰ ਸਨ।

ਅ) ਸ੍ਰੀਮਤੀ ਐਨੀ ਬੇਸੈਂਟ 1893 ਈ. ਵਿੱਚ ਭਾਰਤ ਆਈ । ਉਹਨਾਂ ਦਾ ਸੰਬੰਧ ਥਿਓਸੋਫੀਕਲ ਸੋਸਾਇਟੀ ਨਾਲ ਸੀ।

18. ੳ) ਗਾਂਧੀ ਜੀ ਦੇ ਅਸਹਿਯੋਗ ਅੰਦੋਲਨ ਵਿੱਚ ਨੀਵੀਂ ਜਾਤੀ ਦੇ ਲੋਕਾਂ ਨੇ ਹਿੱਸਾ ਕਿਉਂ ਨਹੀਂ ਲਿਆ?

ਉੱਤਰ- ਅਸਹਿਯੋਗ ਅੰਦੋਲਨ ਵਿੱਚ ਨੀਵੀਂ ਜਾਤੀ ਦੇ ਲੋਕਾਂ ਨੇ ਹਿੱਸਾ ਇਸਲਈ ਨਹੀਂ ਲਿਆ ਕਿਉਂਕਿ ਕਾਂਗਰਸ ਨੇ ਸਮਾਜ ਵਿੱਚ ਛੂਤ- ਛਾਤ ਖਤਮ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਸੀ।

19. ੳ) ਬਸਤੀਵਾਦ ਤੋਂ ਕੀ ਭਾਵ ਹੈ?

ਉੱਤਰ- ਬਸਤੀਵਾਦ ਤੋਂ ਭਾਵ ਹੈ ਕਿ ਕਿਸੇ ਦੇਸ਼ ਤੇ ਕਿਸੇ ਦੂਜੇ ਦੇਸ਼ ਦੁਆਰਾ ਰਾਜਨੀਤਿਕ , ਆਰਥਿਕ ਅਤੇ ਸਮਾਜਿਕ ਰੂਪ ਤੋਂ ਅਧਿਕਾਰ ਕਰਨਾ।

20. ੳ) 'ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ' ਤੇ ਨੋਟ ਲਿਖੋ।

ਅ) 'ਗੇਟਵੇ ਆਫ਼ ਇੰਡੀਆ' ਤੇ ਨੋਟ ਲਿਖੋ।

ਉੱਤਰ- ੳ) 'ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ' ਨੂੰ ਅੱਜਕਲ੍ਹ 'ਛੱਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਹਿਲਯ' ਕਿਹਾ ਜਾਂਦਾ ਹੈ। ਇਹ ਗੇਟਵੇ ਆਫ਼ ਇੰਡੀਆ ਦੇ ਨੇੜੇ ਦੱਖਣੀ ਮੁੰਬਈ ਵਿੱਚ ਸਥਿਤ ਹੈ।

ਅ) 'ਗੇਟਵੇ ਆਫ਼ ਇੰਡੀਆ' 'ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ' ਦੇ ਨੇੜੇ ਅਰਬ ਸਾਗਰ ਦੇ ਕੰਢੇ ਤੇ ਸਥਿਤ ਹੈ। ਇਸਨੂੰ ਜਾਰਜ ਵਿਲਟੇਟ ਅਤੇ ਉਸਦੇ ਦੋਸਤ ਜੋਹਨ ਬੈਗ ਨੇ ਤਿਆਰ ਕੀਤਾ ਸੀ।

21. ੳ) ਗਦਰ ਪਾਰਟੀ ਦੀ ਸਥਾਪਨਾ ਕਦੋਂ , ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?

ਉੱਤਰ- ਗਦਰ ਪਾਰਟੀ ਦੀ ਸਥਾਪਨਾ 1913 ਈ. ਵਿੱਚ ਅਮਰੀਕਾ ਅਤੇ ਕੈਨੇਡਾ ਵਿੱਚ ਰਹਿਣ ਵਾਲੇ ਭਾਰਤੀਆਂ ਨੇ ਕੀਤੀ ਸੀ। ਇਸਦੀ ਸਥਾਪਨਾ ਸਾਨ ਫ਼ਰਾਂਸਿਸਕੋ ਵਿੱਚ ਹੋਈ ਸੀ।

22. ੳ) ਖਿਲਾਫ਼ਤ ਅੰਦੋਲਨ ਤੋਂ ਕੀ ਭਾਵ ਹੈ?

ਅ) ਸਵਰਾਜ ਪਾਰਟੀ ਦਾ ਕੀ ਉਦੇਸ਼ ਸੀ?

ਉੱਤਰ - ੳ) ਭਾਰਤ ਦੇ ਮੁਸਲਮਾਨ ਤੁਰਕੀ ਦੇ ਸੁਲਤਾਨ ਨੂੰ ਆਪਣਾ ਖਲੀਫ਼ਾ ਅਤੇ ਧਾਰਮਿਕ ਨੇਤਾ ਮੰਨਦੇ ਸਨ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਉਸ ਨਾਲ ਚੰਗਾ ਸਲੂਕ ਨਹੀਂ ਕੀਤਾ। ਇਸਲਈ ਮੁਸਲਮਾਨਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅੰਦੋਲਨ ਆਰੰਭ ਕਰ ਦਿੱਤਾ।

ਅ) ਸਵਰਾਜ ਪਾਰਟੀ ਦਾ ਮੁੱਖ ਉਦੇਸ਼ ਚੋਣਾਂ ਵਿੱਚ ਭਾਗ ਲੈਣਾ ਅਤੇ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਕਰਨਾ ਸੀ।

23. ੳ) 'ਲਾਹੌਰ ਸਮਝੌਤਾ' ਕਿਸ ਦੇ ਵਿਚਕਾਰ ਹੋਇਆ ਅਤੇ ਇਸਦਾ ਉਦੇਸ਼ ਕੀ ਸੀ?

ਅ) ਭਾਸ਼ਾਵਾਦ ਦੀ ਸਮੱਸਿਆ ਕੀ ਹੈ?

ਉੱਤਰ- ੳ) 'ਲਾਹੌਰ ਸਮਝੌਤਾ' ਭਾਰਤ ਤੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵਿਚਕਾਰ ਹੋਇਆ । ਇਸਦਾ ਉਦੇਸ਼ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਝਗੜਿਆਂ ਨੂੰ ਸ਼ਾਤੀਪੂਰਨ ਢੰਗ ਨਾਲ ਸੁਲਝਾਉਣਾ ਸੀ।

ਅ) ਸਾਡੇ ਦੇਸ਼ ਵਿੱਚ ਵੱਖ- ਵੱਖ ਭਾਸ਼ਾ ਬੋਲਣ ਵਾਲੇ ਲੋਕ ਰਹਿੰਦੇ ਹਨ। ਇਹ ਸਮੱਸਿਆ ਇਸ ਕਰਕੇ ਹੈ ਕਿਉਂਕਿ ਕੁਝ ਲੋਕ ਆਪਣੀ ਭਾਸ਼ਾ ਨੂੰ ਹੋਰ ਭਾਸ਼ਾਵਾਂ ਤੋਂ ਚੰਗਾ ਸਮਝਦੇ ਹਨ।

24. ੳ) 'ਕਾਨੂੰਨ' ਦੇ ਸ਼ਬਦੀ ਅਰਥ ਲਿਖੋ।

ਅ) ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਕੀ ਭਾਵ ਹੈ?

ਉੱਤਰ- ੳ) 'ਕਾਨੂੰਨ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਲਾਅ' ਦਾ ਅਨੁਵਾਦ ਹੈ। 'ਲਾਅ' ਸ਼ਬਦ ਟਿਊਟੋਨਿਕ ਸ਼ਬਦ 'ਲੈਗ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਨਿਸ਼ਚਿਤ'। ਇਸ ਤਰਾਂ ਕਾਨੂੰਨ ਦਾ ਅਰਥ ਹੈ ਨਿਸ਼ਚਿਤ ਨਿਯਮ।

ਅ) ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਭਾਵ ਹੈ ਕਿ ਉਹ ਕਾਰਜਪਾਲਿਕਾ ਜਾਂ ਵਿਧਾਨਪਾਲਿਕਾ ਦੇ ਦਬਾਓ ਤੋਂ ਬਿਨਾਂ ਸੁਤੰਤਰ ਰੂਪ ਵਿੱਚ ਨਿਆਂ ਕਰੇ।

25. ੳ) ਪ੍ਰਸਤਾਵਨਾ ਤੋਂ ਕੀ ਭਾਵ ਹੈ?

ਉੱਤਰ-ੳ) ਪ੍ਰਸਤਾਵਨਾ ਸੰਵਿਧਾਨ ਦੀ ਆਤਮਾ ਹੈ। ਇਸ ਵਿੱਚ ਸੰਵਿਧਾਨ ਦੇ ਮੁੱਢਲੇ ਉਦੇਸ਼ ਅਤੇ ਆਦਰਸ਼ ਦਿੱਤੇ ਗਏ ਹਨ।

26. ੳ) ਅਧਿਕਾਰਾਂ ਤੋਂ ਕੀ ਭਾਵ ਹੈ?

ਉੱਤਰ-ੳ) ਅਧਿਕਾਰ ਮਨੁੱਖ ਦੀਆਂ ਉਹ ਉਚਿਤ ਮੰਗਾਂ ਹਨ ਜਿਹੜੀਆਂ ਉਸਦੇ ਵਿਕਾਸ ਅਤੇ ਕਲਿਆਣ ਲਈ ਜਰੂਰੀ ਹਨ।

27. ੳ) 'ਸੰਸਦ' ਦੇ ਸ਼ਬਦੀ ਅਰਥ ਲਿਖੋ।

ਉੱਤਰ-ੳ) ਸੰਸਦ ਅੰਗਰੇਜ਼ੀ ਸ਼ਬਦ ਪਾਰਲੀਮੈਂਟ ਦਾ ਅਨੁਵਾਦ ਹੈ। ਸੰਸਦ ਇੱਕ ਅਜਿਹੀ ਸੰਸਥਾ ਹੈ ਜਿੱਥੇ ਬੈਠ ਕੇ ਲੋਕ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਵਿਸ਼ਿਆਂ ਤੇ ਗੱਲਬਾਤ ਕਰਦੇ ਹਨ।

28. ੳ) ਵਿਸ਼ੇਸ਼ ਅਦਾਲਤ ਕਾਨੂੰਨ ਕੀ ਹੈ?

ਉੱਤਰ-ੳ) ਵਿਸ਼ੇਸ਼ ਅਦਾਲਤ ਕਾਨੂੰਨ ਅਨੁਸਾਰ ਵਿਸ਼ੇਸ਼ ਅਦਾਲਤਾਂ ਦੇ ਫੈਸਲਿਆਂ ਦੇ ਵਿਰੁੱਧ ਅਪੀਲ ਕੇਵਲ ਸਰਵਉੱਚ ਅਦਾਲਤ ਵਿੱਚ ਹੀ ਕੀਤੀ ਜਾ ਸਕਦੀ ਹੈ।

29. ੳ) ਸਰਕਾਰ ਦੁਆਰਾ ਅਨਪੜ੍ਹਤਾ ਖਤਮ ਕਰਨ ਲਈ ਕੀ ਜਤਨ ਕੀਤੇ ਜਾ ਰਹੇ ਹਨ?

ਉੱਤਰ- ੳ) ਸਾਰੇ ਦੇਸ਼ ਵਿੱਚ ਸਰਵ ਸਿੱਖਿਆ ਅਭਿਆਨ ਚਲਾਇਆ ਜਾ ਰਿਹਾ ਹੈ।ਅੱਠਵੀਂ ਸ਼੍ਰੇਣੀ ਤੱਕ ਮੁਫ਼ਤ ਸਿੱਖਿਆ ਜਰੂਰੀ ਕਰ ਦਿੱਤੀ ਗਈ ਹੈ। ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ।